
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 101
ਨੰਬਰ 19

੧ ਤੋਂ ੧੫ ਮੱਘਰ ੨੦੭੮ ਬਿ.
16 to 30 November 2021

# ਸਤਿਜੁਗ



10/-

# ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥



# ਸਤਿਜੁਗ

੧ ਤੋਂ ੧੫ ਮੱਘਰ ੨੦੭੮ ਬਿ.

16 ਤੋਂ 30 ਨਵੰਬਰ 2021 ਈ.

ਜਿਲਦ 101, ਨੰਬਰ 19



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


## ਤਤਕਰਾ


* ਸੰਪਾਦਕੀ- ਪੂਰੈ ਸਬਦਿ ਸਲਾਹੀਐ
  ਗੁਰਲਾਲ ਸਿੰਘ......................................4
* ਗੁਰਬਾਣੀ ਵਿਆਖਿਆ.......................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................8
* ਸਤਿਗੁਰੂ ਜਗਜੀਤ ਸਿੰਘ : ਇਕ ਪਰਿਵਰਤਨ
  ਕਵੀ ਪ੍ਰੀਤਮ ਸਿੰਘ..................................11
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................17
* A Saga of Sri Satguru Jagjit Singh ji
  Dr. Sharada Jayagovind .........................19
* ਸੁੱਚੇ ਮੋਤੀ.................................................21
* ਬੱਚਿਆਂ ਦਾ ਪੰਨਾ.........................................22
* ਖ਼ਬਰਨਾਮਾ.................................................27


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਪੂਰੈ ਸਬਦਿ ਸਲਾਹੀਐ

ਕਿਸੇ ਵਸਤੂ ਸਥਾਨ ਜਾਂ ਮਨੁੱਖ ਦੀ ਸਿਫ਼ਤ ਕਰਨ ਲੱਗਿਆਂ ਸਾਨੂੰ ਕਈ ਵਾਰ ਆਪਣੇ ਸ਼ਬਦਾਂ ਨੂੰ ਤਰਾਸ਼ਣਾ ਤੇ ਸੰਵਾਰਨਾ ਪੈਂਦਾ ਹੈ। ਅਸੀਂ ਪੂਰੇ ਸੁਚੇਤ ਹੋ ਕੇ ਆਪਣੇ ਸ਼ਬਦ ਵਰਤਦੇ ਹਾਂ ਕਿਤੇ ਉਸ ਵਸਤੂ ਸਥਾਨ ਜਾਂ ਮਨੁੱਖ ਦੇ ਗੁਣ ਆਕਾਰ ਅਤੇ ਸੁਭਾਅ ਨਾਲ ਬੇਇਨਸਾਫ਼ੀ ਨਾ ਹੋ ਜਾਵੇ। ਫਿਰ ਅਸੀਂ ਕਾਦਰ ਦੀ ਸਿਫ਼ਤ ਆਪਣੇ ਅਧੂਰੇ ਅਤੇ ਸੀਮਤ ਸ਼ਬਦਾਂ ਨਾਲ ਕਿਵੇਂ ਕਰ ਸਕਦੇ ਹਾਂ। ਜਿਸ ਦਾ ਕਾਰਜ ਖੇਤਰ ਹੀ ਸਾਡੀ ਬੁੱਧੀ ਦੀ ਸੀਮਾ ਤੋਂ ਪਰੇ ਦਾ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ 'ਮਨੁੱਖੀ ਦ੍ਰਿਸ਼ਟੀ ਦੀਆਂ ਹੱਦਾਂ ਸਾਰੀ ਸ੍ਰਿਸ਼ਟੀ ਦੀਆਂ ਹੱਦਾਂ ਨਹੀਂ ਹਨ। ਜਿਹੜੀਆਂ ਦੁਨਿਆਵੀ ਇੰਦਰੀਆਂ ਦੁਆਰਾ ਸਾਨੂੰ ਪਤਾ ਲੱਗਾ ਹੈ ਉਸ ਤੋਂ ਇਲਾਵਾ ਹੋਰ ਵੀ ਦੁਨੀਆਂ ਹਨ। ਪਦਾਰਥਕ ਸ਼ਕਤੀਆਂ ਤੋਂ ਸਵਾਏ ਹੋਰ ਸ਼ਕਤੀਆਂ ਵੀ ਹਨ।' ਉਸ ਕਰਤੇ ਨੇ ਜਿਨ੍ਹਾਂ ਨੂੰ ਆਪਣੀ ਅਸੀਮ ਸ਼ਕਤੀਆਂ ਦੀ ਸਮਝ ਦਿੱਤੀ ਉਹਨਾਂ ਨੇ ਵੱਖ-ਵੱਖ ਵਿਸ਼ੇਸ਼ਣਾ ਨਾਲ ਉਸ ਦੇ ਗੁਣਗਾਨ ਕੀਤੇ ਅਤੇ ਸਾਨੂੰ **'ਪੂਰੈ ਸਬਦਿ ਸਲਾਹੀਐ'** ਦਾ ਉਪਦੇਸ਼ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਕ ਰਚਨਾ ਦਾ ਸਿਰਲੇਖ ਹੀ 'ਅਕਾਲ ਉਸਤਤ' ਲਿਖਿਆ। ਇਸ ਬਾਣੀ ਵਿੱਚ ਆਪ ਪ੍ਰਭੂ ਦੀ ਹੋਂਦ ਅਤੇ ਸਰੂਪ ਦੀ ਗੱਲ ਕਰਦੇ ਆਖ਼ਰ ਕਹਿੰਦੇ ਹੋ-

ਜਤਸ ਤੁਹੀ॥ ਬ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥
ਤੁਹੀ ਤੁਹੀ ਤੁਹੀ ਤੁਹੀ...............

ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਕਈ ਪੰਨੇ ਤੁਹੀ ਤੁਹੀ ਲਿਖ ਭਰ ਦਿੱਤੇ । ਉਸ ਕਾਦਰ ਨੇ ਜਿਨ੍ਹਾਂ ਨੂੰ ਨਿਵਾਜ਼ ਕੇ ਇਸ ਧਰਤੀ ਉੱਤੇ ਇਨਸਾਨੀ ਜਾਮੇ 'ਚ ਭੇਜਿਆ। ਅਸੀਂ ਸਾਧਾਰਨ ਮਨੁੱਖ ਤਾਂ ਉਨ੍ਹਾਂ ਦੇ ਵਿਅਕਤੀ-ਤਵ ਪੂਰੀ ਤਰ੍ਹਾਂ ਨਹੀਂ ਲਿਖ ਸਕਦੇ। ਅਧਿਆਤਮਕ ਸ਼ਕਤੀਆਂ ਅਤੇ ਗਿਆਨ ਬਾਰੇ ਤਾਂ ਗੱਲ ਹੀ ਕੀ ਕਰ ਸਕਦੇ ਹਾਂ।

ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ "ਆਪ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ" ਪ੍ਰਮੇਸ਼ਰ ਸੰਸਾਰ ਤੇ ਆਇਆ। ਆਉਣ ਦੀ ਲੋੜ ਇਸ ਕਰਕੇ ਪਈ ਕਿਉਂਕਿ ਮਨੁੱਖ ਨੇ ਇਸ ਦੁਨੀਆਂ ਰੂਪੀ ਜੰਗਲ ਨੂੰ ਗੰਧਲਾ ਤੇ ਧੁੰਧਲਾ ਕਰ ਦਿੱਤਾ। ਸਤਾਇਆ ਹੋਇਆ ਮਨੁੱਖ ਵਰਤਮਾਨ ਵਿਵਸਥਾ ਤੋਂ ਨਿਜ਼ਾਤ ਪਾਉਣਾ ਚਾਹੁੰਦਾ ਸੀ। ਉਸ ਦੇ ਜੀਵਨ ਨੂੰ ਸਮਾਜਿਕ ਬੰਧਨਾਂ ਰਾਜਨੀਤਕ ਫ਼ਿਕਰਾਂ ਅਤੇ ਆਰਥਿਕ ਥੁੜਾਂ ਨੇ ਨਿਢਾਲ ਕਰ ਦਿੱਤਾ। ਕਿਸੇ ਉਰਦੂ ਕਵੀ ਦੇ ਸ਼ਬਦ ਐਸੇ ਹਾਲਤ ਨੂੰ ਬਿਆਨ ਕਰਦੇ ਹਨ-

ਕਬਾਬੇ ਸੀਖ ਹੈਂ, ਹਮ ਕਰਵਟੇਂ ਹਰਸੂ ਬਦਲਤੇ ਹੈਂ
ਜੋ ਜਲ ਜਾਤਾ ਹੈ ਯਿਹ ਪਹਿਲੂ, ਤੋ ਪਹਿਲੂ ਬਦਲਤੇ ਹੈਂ।

ਸੀਖਾਂ ਦੇ ਪਏ ਕਬਾਬ ਵਾਂਗੂੰ ਕਦੇ ਕਿਸੇ ਪਾਸੇ ਸੇਕ ਲੱਗਦਾ ਹੈ, ਕਦੇ ਕਿਸੇ ਪਾਸੇ। ਐਸੀ ਹਾਲਤ ਚੋਂ ਕੱਢ ਮਨੁੱਖੀ ਜੀਵਨ ਅੰਦਰ ਰਵਾਨੀ ਭਰਨ ਲਈ ਗੁਰੂ ਨਾਨਕ ਦੇਵ ਜੀ ਆਏ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਹਾਲਾਤ ਅਤੇ ਸਥਿਤੀਆਂ ਬਦਲਣ ਨਾਲ ਨਵੀਆਂ ਬਿਮਾਰੀਆਂ ਵੀ ਸਮਾਜ 'ਚ ਪੈਦਾ ਹੋਣਗੀਆਂ। ਇਸ ਲਈ ਉਨ੍ਹਾਂ ਨਵੀਂ ਮਰਿਆਦਾ ਤੋਰੀ ਆਪਣੀ ਜੋਤ ਲਹਿਣੇ ਅੰਦਰ ਜਗਾਈ-

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥

ਇੱਕ ਅਬਚਲ ਨੀਂਹ ਰੱਖ ਦਿੱਤੀ। ਇਸ ਨਵੀਂ ਮਰਿਆਦਾ ਨਾਲ ਗੁਰੂ ਨਾਨਕ ਦੇਵ ਦਾ ਕਾਰਜਕਾਲ ਆਨੰਤ ਹੋ ਗਿਆ। ਵੱਖ-ਵੱਖ ਮਾਲੀ ਸਮੇਂ-ਸਮੇਂ ਤੇ ਪ੍ਰਸਥਿਤੀਆਂ ਅਨੁਸਾਰ ਸਿੱਖੀ ਬੂਟਾ ਪਾਲਦੇ ਸੰਭਾਲਦੇ ਰਹੇ। ਕਈ ਖ਼ਿਜ਼ਾਵਾ ਤੇ ਬਹਾਰਾਂ ਇਸ ਬੂਟੇ ਨੇ ਵੇਖੀਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਤਖ਼ਤ ਤੇ ਸਤਿਗੁਰੂ ਜਗਜੀਤ ਸਿੰਘ ਬਿਰਾਜਮਾਨ ਹੋਏ। ਇਹ ਬੜਾ ਨਾਜ਼ੁਕ ਸਮਾਂ ਸੀ, ਜਦੋਂ ਇੱਕ ਪਾਸੇ ਦੇਸ਼ ਵੰਡ ਤੋਂ ਬਾਅਦ ਉੱਜੜ ਕੇ ਆਇਆਂ ਲਈ ਆਜ਼ਾਦੀ ਬੇਅਰਥੀ ਸੀ। ਲੋਕਾਂ ਕਾਰੋਬਾਰ ਕੋਈ ਨਹੀਂ ਸੀ, ਇੱਧਰ ਮਿਲੀਆਂ ਜ਼ਮੀਨਾਂ ਬੇ-ਆਬਾਦ ਸਨ। ਨਾਮਧਾਰੀ ਪੰਥ ਦਾ ਬਹੁਤ ਵੱਡਾ ਹਿੱਸਾ ਪੱਛਮੀਂ ਪੰਜਾਬ ਦਾ ਵਾਸੀ ਹੋਣ ਕਰਕੇ ਆਪਣੇ ਲੋਕਾਂ ਨੂੰ ਸੰਭਾਲਣਾ ਬਹੁਤ ਜ਼ਰੂਰੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰਦ੍ਰਿਸ਼ਟੀ ਸਦਕਾ ਸਿੱਖਾਂ ਨੂੰ ਰੁਲਣਾ ਤੇ ਨਾ ਪਿਆ ਪਰ ਹੁਣ ਬੀਤੇ ਨੂੰ ਭੁੱਲ ਨਵੀਂ ਸਵੇਰ ਦੀ ਆਸ ਲਈ ਤੁਰਨਾਂ ਬਹੁਤ ਜ਼ਰੂਰੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਲਈ ਕਈ ਚਨੌਤੀਆਂ ਸਨ, ਜਿਨ੍ਹਾਂ ਨੂੰ ਹਲ ਕਰਨਾ ਬਹੁਤ ਜ਼ਰੂਰੀ ਸੀ। ਉਸ ਸਮੇਂ ਵਿਰੋਧੀਆਂ ਵੱਲੋਂ ਗੁਰੂ ਘਰ ਤੇ ਤਕਰੀਬਨ 22 ਮੁਕਦਮੇ ਚਲ ਰਹੇ ਸੀ। ਆਪ ਨੇ ਬੜੀ ਸੁਹਿਰਦਤਾ, ਸੁਦ੍ਰਿੜਤਾ ਅਤੇ ਉਦਾਰਤਾ ਨਾਲ ਇਨ੍ਹਾਂ ਦਰਪੇਸ਼ ਮਸਲਿਆਂ ਨੂੰ ਖਤਮ ਕੀਤਾ। ਪੰਥ ਅਤੇ ਦੇਸ਼ ਦੀ ਉਨਤੀ ਲਈ ਆਪ ਨੇ ਸਿੱਖਾਂ ਨੂੰ ਨਵੇਂ ਕਾਰੋਬਾਰਾਂ ਲਈ ਪ੍ਰੇਰਿਆ। ਖੇਤੀਬਾੜੀ ਕਰਦੇ ਸਿੱਖਾਂ ਨੂੰ ਰਵਾਇਤੀ ਫਸਲ ਚੱਕਰ ਨੂੰ ਛੱਡ ਨਵਾਂ ਸੋਚਣ ਲਈ ਕਿਹਾ। ਆਪ ਦੀ ਉਸਾਰੂ ਸੋਚ ਨੇ ਉਸ ਧਰਤੀ 'ਚ ਅੰਗੂਰਾ ਦੇ ਬਾਗ ਪੈਦਾ ਕਰ ਦਿੱਤੇ, ਜਿਸ ਦੀ ਮਿੱਟੀ, ਪਾਣੀ ਅਤੇ ਮੌਸਮ ਨੂੰ ਪਰਖ ਖੇਤੀ ਵਿਗਿਆਨੀਆਂ ਨੇ ਕਹਿ ਦਿੱਤਾ ਸੀ, ਇਸ ਵਿੱਚ ਇਕ ਦਾਣਾ ਨਹੀਂ ਉੱਗ ਸਕਦਾ। ਨਾਮਧਾਰੀ ਬੱਚਿਆਂ ਦੇ ਉੱਜਲ ਭਵਿੱਖ ਲਈ ਨਵੇਂ ਸਕੂਲ, ਕਾਲਜ ਬਣਵਾਏ। ਖੇਡਾਂ ਵਿੱਚ ਵਿਸ਼ਵ ਪੱਧਰ ਤੇ ਨਵੀਆਂ ਪੈੜਾਂ ਪਾਈਆਂ। ਅੰਤਰਾਸਟਰੀ ਮੈਦਾਨਾਂ ਵਿੱਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਦਾ ਬਖ਼ਸ਼ਿਆ ਸਿੱਖੀ ਸਰੂਪ ਲੋਕਾਂ ਨੇ ਵੇਖਿਆ। ਸਾਧ ਸੰਗਤ ਨੂੰ ਇਕੱਠੇ ਹੋ ਭਜਨ, ਬਾਣੀ ਕਰਨ ਲਈ ਆਖਿਆ। ਪਰਸਪਰ ਸਾਂਝਾਂ ਪੈਦਾ ਕਰਨ ਦਾ ਇਹ ਨਵਾਂ ਅਧਿਆਇ ਸੀ। ਨਵੀਆਂ ਧਰਮਸ਼ਾਲਾਵਾਂ ਬਣਵਾਈਆਂ। ਨੌਜਵਾਨਾਂ ਵਿੱਚ ਨੈਤਿਕ ਕਦਰਾ ਕੀਮਤਾਂ ਪੈਦਾ ਕਰਨ ਲਈ ਵਿੱਦਿਅਕ ਜਥੇ ਸਥਾਪਿਤ ਕੀਤੇ। ਜਿਸ ਦਾ ਸਾਲਾਨਾ ਸਮਾਰੋਹ ਆਪ ਹੀ ਦੀ ਹਜ਼ੂਰੀ ਵਿੱਚ ਹੁੰਦਾ। ਨਵੀਂ ਪਨੀਰੀ ਨੂੰ ਸ਼ਾਸਤਰੀ ਸੰਗੀਤ ਦੀ ਸਿਖਿਆਂ ਉੱਚ ਦਮਾਲੜੇ ਉਸਤਾਦਾਂ ਕੋਲੋਂ ਪ੍ਰਾਪਤ ਕਰਵਾਈ। ਆਦਿ ਗੁਰੂ ਸਹਿਬਾਨਾਂ ਅਤੇ ਪੁਰਾਤਨ ਢਾਢੀਆਂ ਦੀਆਂ ਲੁਪਤ ਹੋ ਗਈਆਂ ਰੀਤਾਂ ਤੇ ਬੰਦਸ਼ਾਂ ਫਿਰ ਉਜਾਗਰ ਕੀਤੀਆਂ। ਤੰਤੀ ਸਾਜਾਂ ਨੂੰ ਤਰਜ਼ੀਹ ਦੇ ਆਪਣੇ ਅਮੀਰ ਵਿਰਸੇ ਨੂੰ ਸਾਂਭਿਆ। ਗਊਆਂ ਦੀ ਸ਼ੁਧ ਦੇਸੀ ਨਸਲਾਂ ਨੂੰ ਬਚਾਉਣ ਲਈ ਜਿਥੇ ਸਿੱਖਾਂ ਨੂੰ ਪ੍ਰੇਰਿਆ ਉੱਥੇ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਤੇ ਮਸਤਾਨਗੜ੍ਹ ਵਿੱਚ ਹਜ਼ਾਰਾਂ ਗਊਆਂ ਨੂੰ ਸਾਂਭਿਆ। ਜ਼ਿੰਦਗੀ 'ਚ ਰੁਕਣਾ, ਥੱਕਣਾ, ਛੱਡ ਜਾਣ ਵਰਗੇ ਸ਼ਬਦਾਂ ਦੀ ਆਪ ਦੇ ਸ਼ਬਦ ਕੋਸ਼ ਵਿੱਚ ਕੋਈ ਜਗ੍ਹਾ ਨਹੀਂ ਸੀ। ਆਪ ਹਮੇਸ਼ਾਂ ਹੀ ਕਿਸੇ ਨਾ ਕਿਸੇ ਕਾਰਜ ਵਿੱਚ ਵਿਅਸਥ ਰਹਿੰਦੇ। ਪ੍ਰੀਤਮ ਸਿੰਘ ਕਵੀ ਲਿਖਦੇ ਹਨ ਕਿ ਇੱਕ ਦਿਨ ਆਪ ਦੇ ਨਿੱਜੀ ਸੇਵਕ ਨੇ ਕਿਹਾ ਕਿ ਆਪ ਜੀ ਸਰੀਰਕ ਆਰਾਮ ਨੂੰ ਮੁੱਖ ਰੱਖ ਕੇ ਬਾਕੀ ਦੇ ਕਾਰਜਕ੍ਰਮ ਕਰਿਆ ਕਰੋ। ਜਾਂ ਦੂਜੇ ਕਾਰਜ ਕੁਝ ਛੋਟੇ ਕਰ ਲਿਆ ਕਰੀਏ ਸਤਿਗੁਰੂ ਜੀ ਬਚਨ ਕੀਤਾ- "ਸਰੀਰ ਨੂੰ ਜਿਵੇਂ ਕਹੋ ਆਖੇ ਲੱਗ ਜਾਂਦਾ ਹੈ ਫਿਰ ਕੰਮ ਘਟਾਉਣੇ ਕਿਉਂ।" ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁ ਪੱਖੀ ਸ਼ਖ਼ਸ਼ੀਅਤ ਅਤੇ ਅਧਿਆਤਮਕ ਗਿਆਨ ਨੂੰ ਲਿਖਣ ਲਈ ਮੇਰੇ ਕੋਲ ਪੂਰੇ (ਯੋਗ) ਸ਼ਬਦ ਨਹੀਂ ਬਸ ਇਹ ਹੀ ਕਹਿ ਸਕਦੇ ਹਾਂ।

ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥

**ਗੁਰਲਾਲ ਸਿੰਘ**
**97800-97898**

# ਗੁਰਬਾਣੀ ਵਿਆਖਿਆ– ਜਪੁ ਸਾਹਿਬ

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**

ਹੇ ਯੋਗੀ! ਸੰਤੋਖ ਦੀਆਂ ਮੁੰਦਰਾਂ ਧਾਰਨ ਕਰ, ਮਿਹਨਤ ਦਾ ਖੱਪਰ ਤੇ ਝੋਲੀ ਧਾਰਨ ਕਰ ਅਤੇ ਪਰਮੇਸ਼ਰ ਦੇ ਧਿਆਨ ਦੀ ਸਰੀਰ ਨੂੰ ਸੁਆਹ ਲਾ।

O Yogi ! wear the 'earrings' of satisfaction, carry the 'bowl' of hard work and apply the 'ash' of God's meditation' onto your body.

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**

ਮੌਤ ਦੇ ਡਰ ਦੀ ਗੋਦੜੀ ਬਣਾ, ਸਰੀਰ ਨੂੰ ਪਵਿੱਤਰ ਰੱਖਣਾ ਤੇਰੀ ਜੋਗ ਦੀ ਜੁਗਤੀ ਹੈ, ਪ੍ਰਭੂ 'ਤੇ ਸਿਦਕ ਰੱਖਣਾ ਜੋਗ ਦਾ ਡੰਡਾ ਹੈ।

Make the 'fear of death' your blanket, keep the body pure with the skill of your disciplined spiritual practice, make 'faith in God' your stick (*Yogis* carry stick as a symbol of spirituality and to maintain posture during meditation).

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

ਹੇ ਜੋਗੀ! ਸਾਰੇ ਸੰਸਾਰ ਨੂੰ ਇੱਕ ਸਮਾਨ ਜਾਨਣਾ ਤੇਰਾ ਆਈ ਪੰਥ (ਜੋਗੀਆਂ ਦੀ ਸ੍ਰੇਸ਼ਟ ਸ਼ਾਖਾ) ਹੈ, ਮਨ ਨੂੰ ਜਿੱਤਣ ਵਾਲਾ ਸਾਰੇ ਸੰਸਾਰ ਨੂੰ ਜਿੱਤ ਲੈਂਦਾ ਹੈ।

O *Yogi* ! consider the whole world as one - as one community; one who wins his inner self wins the whole world.

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

Salutations to that God

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ਼ ਰਹਿਤ ਹੈ ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਸਰੂਪ ਵਾਲਾ ਹੈ।

who has been in existence since the beginning, who is pure, who has no start, no end, and who exists in the same form across all the ages.

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**

ਗਿਆਨ ਨੂੰ ਆਪਣਾ ਭੋਜਨ ਅਤੇ ਦਇਆ ਨੂੰ ਆਪਣਾ ਭੰਡਾਰੀ ਬਣਾ,
ਇਲਾਹੀ ਨਾਦ ਨੂੰ ਹਰ ਹਿਰਦੇ ਵਿੱਚ ਸੁਣ।

Make 'knowledge' your food and compassion your 'attendant',
hear the 'celestial sound' in every heart.

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**

ਉਹ ਪ੍ਰਭੂ ਸਭ ਦਾ ਆਪ ਮਾਲਕ ਹੈ, ਸਾਰੀ ਸ੍ਰਿਸ਼ਟੀ ਉਸਦੇ ਵੱਸ ਵਿੱਚ ਹੈ ਅਤੇ
ਰਿੱਧੀਆਂ ਸਿੱਧੀਆਂ ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ।

He is everyone's master, the entire world is within His control;
(forgetting such God and) seeking the miraculous powers,
one drifts away from the (all-powerful) God.

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

ਸੰਜੋਗ ਅਤੇ ਵਿਜੋਗ ਦੋਵੇਂ ਹੀ ਸੰਸਾਰ ਦੇ ਕੰਮ ਚਲਾਉਂਦੇ ਹਨ ਅਤੇ
ਕਰਮਾਂ ਅਨੁਸਾਰ ਜੀਵ ਦਾ ਲੇਖਾ ਹੁੰਦਾ ਹੈ।

Both union and separation drive the work of the world,
one receives what is written in one's destiny.

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

Salutations, only to that God

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥**


ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ,
ਜੋ ਨਾਸ਼ ਰਹਿਤ ਹੈ ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

who has been in existence since the beginning, who is pure,
who has no start, no end, and who exists in the same form across all the ages.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਜਪ ਪ੍ਰਯੋਗ, ਸ੍ਰੀ ਭੈਣੀ ਸਾਹਿਬ** **17 ਅਕਤੂਬਰ 2021**



ਆਪਾਂ ਜਿਸ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਅਤੇ ਜਿਨ੍ਹਾਂ ਨੇ ਇਸ ਸਿੱਖੀ ਨੂੰ ਉਸੇ ਤਰ੍ਹਾਂ ਬਰਕਰਾਰ ਰੱਖਿਆ, ਨਾਮਧਾਰੀ ਪੰਥ ਦੀ ਬੜੀ ਤਰੱਕੀ ਹੋਈ, ਧਾਰਮਿਕ ਰੂਪ ਵਿੱਚ ਵੀ ਅਤੇ ਆਰਥਿਕ ਰੂਪ ਵਿੱਚ ਵੀ ਤੇ ਸਾਡਾ ਇੱਕ ਸਟੇਟਸ ਵੀ ਬਣਿਆ। ਉਸ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਸਿਰ ਝੁਕਾਉਂਦੇ ਹੋਏ ਇੱਕ ਵਾਰੀ ਆਖੋ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਾਧ ਸੰਗਤ ਜੀ ਪ੍ਰਯੋਗ ਦੀ ਗੱਲ ਕਰਦਿਆਂ ਮੈਨੂੰ ਖ਼ੁਸ਼ੀ ਹੁੰਦੀ ਹੈ ਕਿ ਇਹ ਸਾਡੇ ਕੀਤਿਆਂ ਕੁਝ ਨਹੀਂ ਹੁੰਦਾ। ਉਨ੍ਹਾਂ ਦੀ ਕ੍ਰਿਪਾ ਦੇ ਨਾਲ ਪਿਛਲੀ ਵਾਰ ਜਿਥੇ ਪ੍ਰਯੋਗ ਦੀ ਗਿਣਤੀ ਦੱਸ ਹਜ਼ਾਰ ਸੀ। ਉਥੇ ਇਸ ਵਾਰ ਜਪ ਪ੍ਰਯੋਗ ਦੀ ਗਿਣਤੀ ਚੌਦਾਂ ਹਜ਼ਾਰ ਹੈ। ਚੌਦਾਂ ਹਜ਼ਾਰ ਵਿਚ ਸਭ ਤੋਂ ਵੱਧ ਪੰਜਾਬ ਅਤੇ ਹਰਿਆਣਾ ਪਰ ਇਸ ਤੋਂ ਬਿਨਾਂ ਬਾਕੀ ਜਿੱਥੇ ਵੀ ਨਾਮਧਾਰੀ ਬੈਠੇ ਹੋਏ ਨੇ ਯੂ.ਪੀ., ਉਤਰਾਖੰਡ, ਕਰਨਾਟਕਾ, ਮੱਧ ਪ੍ਰਦੇਸ਼ ਜਿੱਥੇ-ਜਿੱਥੇ ਵੀ ਸੱਚੇ ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ, ਸਾਰੇ ਥਾਵਾਂ ਤੇ ਜਪ ਪ੍ਰਯੋਗ ਹੋਇਆ ਹੈ। ਇਸ ਤੋਂ ਬਿਨਾਂ ਵਿਦੇਸ਼ਾਂ ਵਿੱਚ ਇੰਗਲੈਂਡ, ਅਮਰੀਕਾ, ਆਸਟ੍ਰੇਲੀਆ ਤੇ ਇਸ ਵਾਰ ਪਹਿਲੀ ਵਾਰੀ ਨਿਊਜ਼ੀਲੈਂਡ ਵਿੱਚ ਵੀ ਜਪ ਪ੍ਰਯੋਗ ਹੋਇਆ ਹੈ। ਦੁਬਈ ਵਿੱਚ, ਇਕ ਸਿੰਘ ਦਾ ਨਾਮ ਸਾਊਦੀ ਅਰੇਬੀਆ ਵਿੱਚੋਂ ਵੀ ਆਇਆ ਹੈ। ਉਸ ਦੇਸ਼ ਵਿੱਚ ਵੀ ਨਾਮਧਾਰੀ ਜੁੜੇ ਹੋਏ ਨੇ, ਇਹ ਸੱਚੇ ਪਾਤਸ਼ਾਹ ਦੀ ਕ੍ਰਿਪਾ ਹੈ। ਇਹ ਮੇਰੇ ਜਾਂ ਆਪਣੇ ਕੀਤਿਆਂ ਨਹੀਂ ਹੁੰਦਾਂ। ਇਹ ਉਨ੍ਹਾਂ ਦੀ ਹੀ ਕ੍ਰਿਪਾ ਹੈ ਸਾਨੂੰ ਇਹ ਮਾਨ ਮਿਲਦਾ ਹੈ ਪਰ ਇਹ ਮਾਨ ਵੀ ਉਨ੍ਹਾਂ ਦਾ ਹੈ।

**ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥**

ਉਨ੍ਹਾਂ ਤੋਂ ਬਿਨਾਂ ਸਾਡਾ ਨਾ ਕੋਈ ਮਾਨ ਤੇ ਨਾ ਕੋਈ ਤਾਨ ਹੈ। ਉਨ੍ਹਾਂ ਦੇ ਚਰਨਾਂ ਵਿਚ ਅਰਦਾਸ ਹੈ ਸੱਚੇ ਪਾਤਸ਼ਾਹ! ਇਹ ਤੇਰਾ ਪੰਥ ਇਸ ਤਰ੍ਹਾਂ ਹੀ ਵਧੇ, ਅਸੀਂ ਇਸ ਤਰ੍ਹਾਂ ਹੀ ਤੇਰੇ ਚਰਨਾਂ ਨਾਲ ਜੁੜ ਸਕੀਏ ਤੇ ਇਸੇ ਤਰ੍ਹਾਂ ਇਹ ਸੇਵਾ ਕਰ ਸਕੀਏ।

ਇੱਕ ਚੀਜ਼ ਮੈਂ ਦੱਸਣਾ ਚਾਹਾਂਗਾ ਹਾਲਾਂਕਿ ਕੱਲ੍ਹ ਹਰਪਾਲ ਸਿੰਘ ਨੇ ਗੱਲ ਕੀਤੀ ਸੀ। ਇਸ ਵਾਰ ਦਾ ਮੇਲਾ ਮੰਗਤ ਰਾਮ ਮੋਦੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਹੋਇਆ ਹੈ। ਕੱਲ੍ਹ ਉਨ੍ਹਾਂ ਨੇ ਗੱਲ ਕੀਤੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਦੇ ਫੁੱਲ ਜਿਨ੍ਹਾਂ ਵਿੱਚ ਸਹਿਜਧਾਰੀ ਸਿੱਖ ਨੇ ਕੇਸਧਾਰੀ ਸਿੱਖ ਵੀ ਹਨ ਪਰ ਇਹ ਵੀ ਆਪਾਂ ਜ਼ਰੂਰ ਧਿਆਨ ਰੱਖੀਏ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ ਜਿਨ੍ਹਾਂ ਦਾ ਜਨਮ ਸਿੱਖ ਪਰਿਵਾਰ ਵਿੱਚ ਹੋਇਆ ਹੈ, ਉਨ੍ਹਾਂ ਦੇ ਲਈ ਪੰਜ ਕਕਾਰਾਂ ਦੇ ਧਾਰਨੀ ਹੋਣਾ ਜ਼ਰੂਰੀ ਹੈ। ਸਹਿਜਧਾਰੀ ਸਿੱਖਾਂ ਦੇ ਵਾਸਤੇ ਇਹ ਜ਼ਰੂਰੀ ਨਹੀਂ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮ ਦੁਹਰਾਉਂਦਿਆਂ ਹੋਇਆਂ। ਸਾਰਿਆਂ ਕੋਲ ਕਿਰਪਾਨ ਵਾਲਾ ਕੰਘਾ ਹੋਵੇ। ਸਾਡੇ ਕੋਲ ਕੜਾ ਹੋਵੇ ਤੇ ਠੀਕ ਰੂਪ ਵਿੱਚ ਕੜਾ ਹੋਵੇ। ਕੜਾ ਵੀ ਫੈਸ਼ਨ

ਦੇ ਮੁਤਾਬਿਕ ਨਾ ਹੋਈ ਜਾਵੇ, ਸਾਡੇ ਆਪਣੇ ਪੰਜ ਕਕਾਰ ਪੂਰੇ ਹੋਣ। ਅਸੀਂ ਮਰਿਆਦਾ ਤੋਂ ਦੂਰ ਨਾ ਹੋਈਏ। ਕਈ ਘਰਾਂ ਦੇ ਵਿੱਚ ਜਾਈਦਾ ਹੈ ਹਾਲਾਂਕਿ ਸੱਚੇ ਪਾਤਸ਼ਾਹ ਨੇ ਬੜੀ ਕਿਰਪਾ ਕੀਤੀ ਹੈ। ਜਿਸ ਰੂਪ ਵਿੱਚ ਤੁਸੀਂ ਬੈਠੇ ਹੋ ਦੇਖ ਕੇ ਹਰ ਇੱਕ ਨੂੰ ਖੁਸ਼ੀ ਹੁੰਦੀ ਹੈ। ਕਈ ਘਰਾਂ ਵਿੱਚ ਮੈਂ ਜਾਂਦਾ ਹਾਂ, ਅੱਗੋਂ ਬੱਚਿਆਂ ਨੇ ਕੇਸ ਕਤਲ ਕੀਤੇ ਹੁੰਦੇ ਹਨ। ਉਨ੍ਹਾਂ ਨੂੰ ਮੈਂ ਕਹਿੰਦਾ ਹਾਂ ਕਿ ਅੱਜ ਤੁਹਾਨੂੰ ਸਿੱਖ ਬਣਦਿਆਂ ਕਿਉਂ ਸ਼ਰਮ ਆਉਂਦੀ ਹੈ ਅੱਜ ਤਾਂ ਸਿੱਖੀ ਦਾ ਨਾਮ ਬੜੀ ਸ਼ਾਨ ਅਤੇ ਸਤਿਕਾਰ ਨਾਲ ਲੋਕ ਲੈਂਦੇ ਹਨ। ਅੱਜ ਸਾਨੂੰ ਏਸ ਤੋਂ ਸੰਗਣ ਦੀ ਲੋੜ ਨਹੀਂ। ਖੁੱਲ੍ਹੇ ਦਾੜ੍ਹਿਆਂ ਨਾਲ ਲੋਕ ਅਮਰੀਕਾ, ਆਸਟ੍ਰੇਲੀਆ, ਕੈਨੇਡਾ ਵਿੱਚ ਹਨ ਤੇ ਸਿੱਖਾਂ ਨੇ ਇਕ ਆਪਣੀ ਵੱਖਰੀ ਪਛਾਣ ਬਣਾਈ ਹੈ। ਤੁਸੀਂ ਨਾਮਧਾਰੀਆਂ ਨੇ ਆਪਣੀ ਇਕ ਪਛਾਣ ਬਣਾਈ ਹੋਈ ਹੈ। ਇਸ ਲਈ ਮੈਂ ਅਰਜ਼ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ-ਜਿਨ੍ਹਾਂ ਨੇ ਕਿਸੇ ਤਰ੍ਹਾਂ ਦੀ ਵੀ ਕੋਈ ਗਲਤੀ ਕਰ ਲਈ ਹੈ ਅਗੋਂ ਤੋਂ ਆਪਾਂ ਪੰਜ ਕਕਾਰਾਂ ਦੇ ਧਾਰਨੀ ਹੋਈਏ ਬਹੁਤਿਆਂ ਨੂੰ ਇਹ ਭੁੱਲਦਾ ਜਾਂਦਾ ਹੈ ਕਿ ਸਾਡੇ ਕੋਲ ਕੰਘਾ ਹੋਵੇ, ਕ੍ਰਿਪਾਨ ਵਾਲਾ ਕੰਘਾ, ਸਾਡੇ ਕੱਕੇ ਪੂਰੇ ਹੋਣ। ਪਹੁੰਚਾਂ ਪਾ ਕੇ ਪਹੁੰਚਾ ਲਾਉਣਾ, ਜਿਨ੍ਹਾਂ ਨੂੰ ਨਹੀਂ ਯਾਦ ਇਹ ਧਿਆਨ ਕਰ ਲਓ ਕਿ ਸੱਚੇ ਪਾਤਸ਼ਾਹ ਨੇ ਕਛਹਿਰੇ ਵਾਸਤੇ ਹੁਕਮ ਕੀਤਾ ਹੈ। ਸ਼ਾਇਦ ਬਾਕੀ ਸੰਪਰਦਾ ਵਿੱਚ ਇਸ ਤਰ੍ਹਾਂ ਨਹੀਂ। ਇਹ ਹੁਕਮ ਸਾਨੂੰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕੀਤਾ ਹੈ। ਉਨ੍ਹਾਂ ਦੇ ਹੁਕਮਾਂ ਵਿੱਚ ਚੱਲਣ ਤੇ ਹੀ ਸਾਡਾ ਭਲਾ ਹੈ। ਇਨ੍ਹਾਂ ਚੀਜ਼ਾਂ ਦਾ ਇਸ ਮਰਿਆਦਾ ਦਾ ਧਿਆਨ ਰੱਖੀਏ ਹੌਲੀ-ਹੌਲੀ ਇਹ ਮਰਿਆਦਾ ਆਪਾਂ ਹੋਰ ਦ੍ਰਿੜ ਕਰੀਏ। ਮੈਂ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਸਾਰੇ ਇਹ ਚਿੱਟੇ ਵਸਤਰ ਪਾ ਕੇ ਬੈਠੇ ਹੋ, ਇਹ ਬਦਲਾਅ ਵੀ ਸਾਡੇ ਵੇਖਣ ਵਿੱਚ ਆਇਆ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਇਸ ਬਦਲਾਅ ਦੀ ਕਿਰਪਾ ਕੀਤੀ। ਪਹਿਲਾਂ ਰੰਗ ਬਿਰੰਗੇ ਕੱਪੜਿਆਂ ਵਾਲੇ ਬਹੁਤ ਆਉਂਦੇ ਸੀ। ਸੰਗਤ ਨੇ ਬੜੀ ਕਿਰਪਾ ਕੀਤੀ ਹੈ ਜਦੋਂ ਤੋਂ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ ਹੈ ਸਾਧ ਸੰਗਤ ਮੇਲਿਆਂ ਵਿੱਚ ਦੀਵਾਨਾਂ ਵਿੱਚ ਚਿੱਟੇ ਵਸਤਰ ਪਾ ਕੇ ਆਉਂਦੀ ਹੈ।

ਮੈਂ ਗੱਲ ਕਰ ਰਿਹਾ ਸੀ ਕਰਨਪਾਲ ਬਾਕੀ ਮੁੰਡਿਆਂ ਨਾਲ, ਇਹ ਪ੍ਰਯੋਗ ਦਾ ਮਹੀਨਾ ਤੁਹਾਡਾ ਕਿਸ ਤਰ੍ਹਾਂ ਦਾ ਲੰਘਿਆ ਹੈ। ਵੱਡੀ ਗਿਣਤੀ ਵਿੱਚ ਤੁਸੀਂ ਭਾਗ ਲਿਆ ਹੈ। ਤੁਹਾਡਾ ਮਨ ਕਿੰਨਾ ਕੁ ਚਿਰ ਲੱਗਿਆ ਹੈ। ਆਪਾਂ ਸਕੂਲ ਜਾਨੇ ਆਂ ਅਧਿਆਪਕ ਬੱਚਿਆਂ ਦੀ ਰਿਪੋਰਟ ਮਾਪਿਆਂ ਨੂੰ ਭੇਜਦੇ ਹਨ, ਪਰ ਇਹ ਰਿਪੋਰਟ ਆਪਾਂ ਆਪਣੇ ਕੋਲੋਂ ਹੀ ਲੈਣੀ ਹੈ ਕਿ ਆਪਾਂ ਕਿੱਥੇ ਕੁ ਖਲੋਤੇ ਹਾਂ ਮਨ ਬਹੁਤ ਔਖਾ ਲੱਗਦਾ ਹੈ।

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥

ਕਿੰਨਾ ਕੁ ਚਿਰ ਨਾਮ ਵਿੱਚ ਸਾਡਾ ਮਨ ਲੱਗਾ ਰਿਹਾ। ਕਿੰਨਾ ਕੁ ਚਿਰ ਸਾਡਾ ਮਨ ਚੰਗਾ ਬਣਿਆ ਰਿਹਾ। ਉਹ ਟਾਈਮ ਵਿੱਚ ਸਾਡੇ ਮਨ ਨੂੰ ਚਿੰਤਾ ਨੇ ਤੰਗ ਤੇ ਨਹੀਂ ਕੀਤਾ, ਸਾਡੇ ਮਨ ਨੂੰ ਹਉਮੈ ਨੇ ਤੰਗ ਤੇ ਨਹੀਂ ਕੀਤਾ। ਜਿੱਥੇ ਜਿੱਥੇ ਵੀ ਤੁਸੀਂ ਬੈਠੇ ਹੋ ਸਾਡਾ ਮੰਨਨਾਮ ਵਿੱਚ ਬਹੁਤ ਚੰਗਾ ਲੱਗੇ।। ਸਾਡਾ ਇੱਕ ਕਦਮ ਹੋਰ ਅੱਗੇ ਹੋ ਜਾਵੇਗਾ। ਉਸ ਕਦਮ ਦੇ ਨਾਲ-ਨਾਲ ਫਿਰ ਅਸੀਂ ਅੱਗੇ ਚੱਲੀਏ ਕਿ ਅਸੀਂ ਇਸ ਨੂੰ ਆਦਤ ਬਣਾ ਸਕਦੇ ਹਾਂ? ਇਹ ਪ੍ਰਯੋਗ ਜੇ ਅਸੀਂ ਮਹੀਨਾ ਕਰ ਲਿਆ ਹੈ। ਕੀ ਅਸੀਂ ਇਸ ਨੂੰ ਆਦਤ ਬਣਾ ਸਕਦੇ ਹਾਂ ਸਵੇਰੇ ਉੱਠਣਾ, ਸਣੇ ਕੇਸੀ ਇਸ਼ਨਾਨ ਕਰਨਾ, ਹੌਲੀ-ਹੌਲੀ ਅਸੀਂ ਅੱਗੇ ਤੁਰੀਏ, ਅਸੀਂ ਆਦਤ ਬਣਾ ਲਈਏ। ਇਸ ਭੈਣੀ ਸਾਹਿਬ ਤੋਂ ਵੀ ਬਹੁਤ ਉੱਦਮ ਹੋਏ ਹਨ। ਔਨਲਾਈਨ ਗੁਰਬਾਣੀ ਸਿਖਾਈ ਗਈ ਹੈ। ਸਿੱਖਾਂ ਦੇ ਬੱਚਿਆਂ ਨੂੰ ਪੰਜਾਬੀ ਗੁਰਬਾਣੀ ਆਉਣੀ ਜ਼ਰੂਰੀ ਹੈ। ਸਿੱਖ ਇੱਕ ਬੜਾ ਪ੍ਰੈਕਟੀਕਲ ਰਿਲੀਜਨ ਹੈ, ਜੇ ਮੈਂ ਕਹਿ ਲਵਾਂ ਸਿੱਖੀ ਤਾਂ ਇੱਕ ਜੀਵਨ ਜਾਚ ਹੈ। ਇਸ ਦੁਨੀਆਂ ਵਿੱਚ ਆ ਕੇ ਅਸੀਂ ਕਿਸ ਤਰ੍ਹਾਂ ਰਹਿਣਾ ਹੈ? ਸਿੱਖੀ ਸਾਨੂੰ ਸਿਖਾਉਂਦੀ ਹੈ। ਉਹ ਸਿੱਖਿਆ ਸਾਨੂੰ ਸਭ ਤੋਂ ਪਹਿਲਾਂ ਗੁਰਬਾਣੀ ਤੋਂ ਮਿਲਦੀ ਹੈ। ਬਹੁਤ ਬੱਚੇ ਗੁਰਬਾਣੀ ਨਾਲ ਜੁੜੇ ਹਨ। ਜਿਹੜੇ ਨਹੀਂ ਵੀ ਜੁੜੇ ਇਸ ਗੱਲ ਦੀ ਸੰਗ ਨਾ ਕਰੋ। ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ ਆਪਣੇ ਬੱਚਿਆਂ ਨੂੰ ਗੁਰਬਾਣੀ ਜ਼ਰੂਰ ਪੜ੍ਹਾਓ। ਜਦੋਂ ਅਸੀਂ ਗੁਰਬਾਣੀ ਪੜ੍ਹਨ ਲੱਗਾਂਗੇ। ਉਸ ਤੋਂ ਅਗਲੀ ਗੱਲ ਹੈ ਕਿ ਫਿਰ ਸਾਨੂੰ ਗੁਰਬਾਣੀ ਦੇ ਅਰਥ ਸਮਝ ਆਉਣ ਲਗਣਗੇ। ਅੱਜ ਇਕ ਸ਼ਬਦ ਪੜ੍ਹਦਿਆਂ ਪੜ੍ਹਦਿਆਂ ਵਿੱਚ ਪ੍ਰਮਾਣ ਲਾਇਆ ਸੀ।

**ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ॥**

ਇਹ ਸਾਨੂੰ ਗੁਰਬਾਣੀ ਚੋਂ ਪਤਾ ਲੱਗਦਾ ਹੈ। ਵਿਸ਼ਵਾਸ ਹੋ ਜਾਂਦਾ ਹੈ ਕਿ ਮੈਨੂੰ ਜਾਣ ਦਾ ਡਰ ਨਹੀਂ। ਪਰ ਉਸਤੋਂ

ਪਹਿਲਾਂ ਹੈ ਕਿ ਮੈਂ ਸੇਵਕ ਤੇ ਬਣ ਜਾਵਾਂ। ਜੇ ਮੈਂ ਸੇਵਕ ਬਣ ਗਿਆ ਤਾਂ ਫਿਰ ਇਹ ਚੀਜ਼ਾਂ ਬਹੁਤ ਪਿੱਛੇ ਰਹਿ ਜਾਂਦੀਆਂ ਹਨ ਤੇ ਸੇਵਕ ਕੌਣ ਬਣਦਾ ਹੈ, ਜਿਹੜਾ ਆਪਣਾ ਮਨ ਵੇਚਦਾ ਹੈ।

**ਮਨੁ ਬੈਚੈ ਸਤਿਗੁਰ ਕੈ ਪਾਸਿ ਤਿਸੁ ਸੇਵਕ ਕੇ ਕਾਰਜ ਰਾਸਿ॥**

ਸੋ ਆਪਾਂ ਆਪਣਾ ਮਨ ਦੇਣਾ ਹੈ ਧਨ ਦੇਣਾ ਉਸ ਤੋਂ ਸੌਖਾ ਹੈ। ਸਾਰਿਆਂ ਤੋਂ ਔਖਾ ਮਨ ਦੇਣਾ ਹੈ। ਸੋ ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਤੁਸੀਂ ਪ੍ਰਯੋਗ ਵਿੱਚ ਉੱਠਦੇ ਰਹੇ ਹੋ ਤੇ ਕੋਸ਼ਿਸ਼ ਕਰੋ ਏਸ ਨੂੰ ਆਦਤ ਬਣਾਓ। ਜੇਕਰ ਕੋਈ ਦੋ ਵਜੇ ਉੱਠਦਾ ਰਿਹਾ ਹੈ ਤਾਂ ਕੋਸ਼ਿਸ਼ ਕਰੋ ਦੋ ਵਜੇ ਨਹੀਂ ਉੱਠ ਸਕਦੇ ਤਾਂ ਚਾਰ ਵਜੇ ਉੱਠ ਜਾਵੇ, ਪੰਜ ਵਜੇ ਉੱਠ ਜਾਓ। ਕੋਈ ਵੀ ਨਾਮਧਾਰੀ ਇਸ ਤਰ੍ਹਾਂ ਦਾ ਨਾਂ ਹੋਵੇ, ਜਿਹੜਾ ਅੰਮ੍ਰਿਤ ਵੇਲੇ ਨਾ ਉੱਠੇ, ਹਰੇਕ ਸਿੱਖ ਵਾਸਤੇ ਬੇਨਤੀ ਹੈ, ਮੇਰੀ ਇਹ ਡਿਊਟੀ ਹੈ, ਮੇਰੀ ਨੌਕਰੀ ਹੈ। ਖਾਸ ਕਰਕੇ ਨਾਮਧਾਰੀਆਂ ਦੇ ਵਾਸਤੇ ਹੈ। ਤੁਹਾਡੇ ਜੀਵਨ ਵਿੱਚ ਬਦਲਾਅ ਆ ਜਾਵੇਗਾ। ਅੰਮ੍ਰਿਤ ਵੇਲੇ ਜਦੋਂ ਤੁਸੀਂ ਉਠੋਗੇ ਉੱਠ ਕੇ ਨਾਮ ਸਿਮਰਨ ਕਰੋਗੇ। ਨਾਮ ਸਿਮਰਨ ਕਰਨ ਤੋਂ ਬਾਅਦ **'ਚੜ੍ਹੇ ਦਿਵਸੁ ਗੁਰਬਾਣੀ ਗਾਵੇ।'** ਗੁਰਬਾਣੀ ਦਾ ਪਾਠ ਕਰਕੇ ਅਰਦਾਸ ਕਰ ਕੇ ਕੰਮਾਂ ਕਾਰਾ ਨੂੰ ਜਾਓ। ਤੁਹਾਡੇ ਵਿੱਚ ਆਪਣੇ ਆਪ ਬਦਲਾਅ ਆਉਣਾ ਸ਼ੁਰੂ ਹੋ ਜਾਵੇਗਾ। ਉਸ ਬਦਲਾਅ ਦੇ ਨਾਲ ਸਾਡਾ ਆਪਣਾ ਜੀਵਨ ਸੁਖੀ ਹੋ ਜਾਂਦਾ ਹੈ। ਤੁਸੀਂ ਆਪ ਨਾਮ ਨਾਲ ਜੁੜਦੇ ਹੋ ਤੇ ਆਪਾਂ ਦੂਜਿਆਂ ਨੂੰ ਵੀ ਜੋੜ ਸਕਦੇ ਹਾਂ ਕਿਰਪਾ ਸਤਿਗੁਰਾਂ ਕਰਨੀ ਐ ਪਰ ਆਪਾਂ ਇਹ ਉੱਦਮ ਕਰੀਏ।

ਇਸ ਮੇਲੇ ਵਿੱਚ ਬੜੇ ਹੀ ਸਿੰਘਾਂ ਨੇ ਬੀਬੀਆਂ ਨੇ ਸੇਵਾ ਕੀਤੀ ਹੈ। ਜਿਹੜੇ ਇੱਥੇ ਦੀਵਾਨ ਵਿੱਚ ਵੀ ਨਹੀਂ ਆ ਸਕੇ। ਉਨ੍ਹਾਂ ਦੀ ਸੇਵਾ ਵਾਸਤੇ ਧੰਨਵਾਦ ਸ਼ਬਦ ਤਾਂ ਬਹੁਤ ਛੋਟਾ ਹੈ ਪਰ ਉਨ੍ਹਾਂ ਦੇ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਹਨ। ਜਿਨ੍ਹਾਂ ਨੇ ਲੰਗਰ ਵਿਚ ਸੇਵਾ ਕੀਤੀ ਹੈ ਬੀਬੀਆਂ ਨੇ ਪ੍ਰਸ਼ਾਦੇ ਪਕਾਏ ਨੇ, ਸਵੇਰ ਤੋਂ ਸ਼ਾਮ ਤੱਕ ਜਿਨ੍ਹਾਂ ਨੇ ਇੱਥੇ ਸੇਵਾ ਕੀਤੀ ਹੈ। ਜਿਨ੍ਹਾਂ ਨੇ ਪਹਿਰੇ ਦੀ ਸੇਵਾ ਕੀਤੀ ਹੈ। ਸਾਰੇ ਹੀ ਜਿਨ੍ਹਾਂ ਨੇ ਤੁਹਾਨੂੰ ਗੁਰਬਾਣੀ ਗਾ ਕੇ ਸੁਣਾਈ ਹੈ, ਉਨ੍ਹਾਂ ਦਾ ਵੀ ਕਿੱਡਾ ਵੱਡਾ ਪਰਉਪਕਾਰ ਹੈ। ਜਿਹੜੇ ਰੋਜ ਗੁਰਬਾਣੀ ਗਾ ਕੇ ਸੁਣਾਉਂਦੇ ਹਨ। ਜਿਹੜੇ ਪਾਠ ਕਰਦੇ ਹਨ। ਇਹ ਵੀ ਅਸੀਂ ਇਨ੍ਹਾਂ ਦਾ ਪਰਉਪਕਾਰ ਸਮਝੀਏ। ਫਿਰ ਮੈਂ ਬੇਨਤੀ ਕਰਦਾ ਹਾਂ ਘੱਟ ਤੋਂ ਘੱਟ ਮੈਂ ਆਪਣੇ ਵਾਸਤੇ ਤਾਂ ਕਹਿ ਸਕਦਾ ਹਾਂ।

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥**

ਅਸੀਂ ਤਾਂ ਕਰਨ ਜੋਗੇ ਨਹੀਂ ਸੱਚੇ ਪਾਤਸ਼ਾਹ ਬਹੁਤ ਹੁਕਮ ਕਰਦੇ ਹੁੰਦੇ ਸੀ

**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥**

ਪਰ ਆਪਾਂ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਤਾਂ ਕਰ ਸਕਦੇ ਹਾਂ। ਬਖ਼ਸ਼ਿਸ਼ ਮੰਗ ਸਕਦੇ ਹਾਂ ਕਿ ਸੱਚੇ ਪਾਤਸ਼ਾਹ ਜੀ ਸਾਨੂੰ ਇਹ ਬਲ ਬਖ਼ਸ਼ ਤੇਰਾ ਨਾਮ ਜਪ ਸਕੀਏ। ਤੇਰੇ ਨਾਮ ਨਾਲ ਜੁੜ ਸਕੀਏ। ਸਾਨੂੰ ਵੀ ਕਿਣਕਾ ਅਨੰਦ ਆ ਸਕੇ। ਅਸੀਂ ਵੀ ਸੱਚੇ ਦੇ ਗਲ ਲੱਗ ਸਕੀਏ। ਅੱਜ ਸ਼ਬਦ ਪੜ੍ਹਦੇ ਸੀ।

**ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ॥**

ਉਸ ਗਲ ਲੱਗਣ ਦੀ ਅਸੀਂ ਘੱਟੋ-ਘੱਟ ਆਸ ਤਾਂ ਕਰੀਏ। ਫਿਰ ਕ੍ਰਿਪਾ ਵੀ ਹੋ ਜਾਂਦੀ ਹੈ, ਬਖ਼ਸ਼ਿਸ਼ ਵੀ ਹੋ ਜਾਂਦੀ ਹੈ। ਸਾਰੀ ਸੰਗਤ ਦੇ ਚਰਨਾਂ 'ਚ ਬੇਨਤੀ ਹੈ ਕਿ ਇੱਥੋਂ ਤੁਸੀਂ ਜਾਣਾ ਹੈ। ਅਰਦਾਸ ਕਰ ਕੇ ਜਾਓ। ਕੋਸ਼ਿਸ਼ ਕਰੋ ਕਿ ਨਾਮ ਸਿਮਰਨ ਕਰਦੇ ਜਾਓ। ਬਹੁਤ ਕਾਹਲੇ ਨਾ ਪਓ ਬੜੇ ਪ੍ਰੇਮ ਪਿਆਰ ਨਾਲ ਜਾਓ। ਇਸ ਤਰ੍ਹਾਂ ਇਹ ਤੁਹਾਡਾ ਸਰੂਪ ਦੇਖ ਕੇ, ਇਹ ਪ੍ਰਯੋਗ ਦੀ ਗਿਣਤੀ ਦੇਖ ਕੇ, ਇਹ ਜ਼ਰੂਰ ਮਨ ਵਿੱਚ ਆਉਂਦਾ ਹੈ। ਸੱਚੇ ਪਾਤਸ਼ਾਹ ਦੀਆਂ ਖ਼ੁਸ਼ੀਆਂ ਮੇਰੇ ਵਰਗੇ ਸੇਵਕ ਨੂੰ ਮਿਲ ਜਾਣਗੀਆਂ, ਆਪਣੀ ਸਾਰਿਆਂ ਦੀ ਹਾਜ਼ਰੀ ਲੱਗ ਜਾਵੇਗੀ। ਸੱਚੇ ਪਾਤਸ਼ਾਹ ਕਿਰਪਾ ਕਰਨ ਸਾਰਿਆਂ ਨੂੰ ਖੁਸ਼ੀਆਂ ਦੇਣ ਬਖ਼ਸ਼ਿਸ਼ ਕਰਨ, ਉਨ੍ਹਾਂ ਦਾ ਹੱਥ ਸਾਡੇ ਸਾਰਿਆਂ ਦੇ ਸਿਰ ਤੇ ਰਹੇ। ਉਨ੍ਹਾਂ ਦੇ ਚਰਨਾਂ ਵਿਚ ਮੈਂ ਬਖ਼ਸ਼ਿਸ਼ ਮੰਗਦਿਆਂ ਹੋਇਆ। ਜਿਸ ਸਤਿਗੁਰੂ ਦੇ ਅਸੀਂ ਅਕਾਲ ਪੁਰਖ ਦੇ ਰੂਪ ਵਿੱਚ ਦਰਸ਼ਨ ਕੀਤੇ ਹਨ। ਉਨ੍ਹਾਂ ਦੇ ਚਰਨਾਂ ਵਿੱਚ ਫਿਰ ਸਿਰ ਝੁਕਾਉਂਦਿਆਂ ਹੋਇਆ। ਇੱਕ ਵਾਰੀ ਆਖੀਏ **ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।**

ਸਤਿ ਸ੍ਰੀ ਅਕਾਲ

..........................................................

# ਸਤਿਗੁਰੂ ਜਗਜੀਤ ਸਿੰਘ

# ਇਕ ਪਰਿਵਰਤਨ



**ਕਵੀ ਪ੍ਰੀਤਮ ਸਿੰਘ**

ਨਾਮਧਾਰੀ ਪੰਥ ਦੇ ਸਿਰਤਾਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਤਿਭਾ ਸੰਪੰਨ ਸ਼ਖ਼ਸੀਅਤ ਦਾ ਧਿਆਨ ਕਰਦਿਆਂ ਉਹਨਾਂ ਦਾ ਬਚਪਨ ਯਾਦ ਆ ਜਾਂਦਾ ਹੈ। ਜਿਸ ਵਿੱਚ ਅੱਜ ਵਾਲੇ ਉਹਨਾਂ ਦੇ ਗੁਣ-ਭੰਡਾਰਾਂ ਦੇ ਅੰਕੁਰ, ਬੀਜ-ਰੂਪ ਵਿਚ ਪਏ ਵਿਕਾਸ ਲਈ ਤਾਂਘ ਰਹੇ ਸਨ ਕਿਉਂਕਿ ਘੱਟੋ ਘੱਟ ੨੦ ਬਹਾਰਾਂ ਮੈਂ ਉਹਨਾਂ ਨਾਲ ਖੇਡਿਆ ਮੱਲਿਆ, ਲੜਿਆ-ਝਗੜਿਆ ਤੇ ਪਿਆਰ-ਮਲਾਰ ਕੀਤੇ ਹਨ। ਇਸ ਲਈ ਉਹਨਾਂ ਦੇ "ਅੱਜ" ਵਿਚ ਮੈਨੂੰ ਉਹ ਸਭ ਕੁਝ ਸਪੱਸ਼ਟ ਲਭਦਾ ਹੈ ਜੋ ਉਹਨਾਂ ਦੇ ਦੂਰ ਬੀਤੇ " ਕੱਲ ਵਿਚ ਸੀ।

ਜਦੋਂ ਪੂਰਵ ਸਤਿਗੁਰੂਆਂ ਨਾਲ ਇਹਨਾਂ ਦੀ ਤੁਲਨਾ ਕਰਨ ਲਗੀ ਦੀ ਹੈ ਤਾਂ ਛੇਤੀ ਹੀ ਇਹ ਸੋਝੀ ਅੰਦਰ ਪ੍ਰਕਾਸ਼ ਕਰ ਦਿੰਦੀ ਹੈ : ਹਰ ਸਤਿਗੁਰੂ ਨੂੰ ਉਹਦੇ ਚੌਗਿਰਦੇ, ਸਮੇਂ ਅਤੇ ਹਾਲਾਤ ਵਿਚ ਰੱਖ ਕੇ ਅੰਕੋ। ਗੁਰਬਾਣੀ ਅਨੁਸਾਰ ਤਾਂ ਸਤਿਗੁਰੂ ਦੀ ਲੀਲ੍ਹਾ ਅਗਮ ਅਗਾਧ ਹੈ, ਕੋਈ ਸੰਸਾਰੀ ਜੀਵ ਉਹਦੀ ਜਾਂਚ-ਪਰਖ ਜਾਂ ਸੰਪੂਰਨ ਲਖਤਾ ਨਹੀਂ ਕਰ ਸਕਦਾ। ਗੁਰੂ ਅੰਗਦ ਦੇਵ ਜੀ ਨੇ ਆਸਾ ਦੀ ਵਾਰ ਦੇ ਇਕ ਮੁੱਢਲੇ ਸਲੋਕ ਵਿੱਚ ਹੀ ਗੁਰੂ ਬਾਰੇ ਆਸਥਾ ਇੰਜ ਪ੍ਰਗਟ ਕੀਤੀ ਹੈ :-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।

ਪਰ ਅਸੀਂ ਸੰਸਾਰੀ ਜੀਵ ਜਿਸ ਨੂੰ ਪਿਆਰ ਕਰਦੇ ਹਾਂ, ਜਾਂ ਜਿਸ ਲਈ ਸ਼ਰਧਾ ਵਿੱਚ ਸਿਰ ਝੁਕਾਂਦੇ ਹਾਂ ਉਹਦੇ ਲਈ ਕੁਝ ਨ ਕੁਝ ਜਾਣਦੇ ਹੀ ਹੁੰਦੇ ਹਾਂ ਅਥਵਾ ਜਾਣਨਾ ਲੋਚਦੇ ਹਾਂ। ਇਕ ਲੋਕੋਕਤੀ ਵੀ ਹੈ :

ਪਾਣੀ ਪੀਏ ਛਾਣ ਕੇ,
ਗੁਰੂ ਕਰੀਏ ਜਾਣ ਕੇ।

ਅੱਜ ਜੋ ਕੁਝ ਵੀ ਸਾਨੂੰ ਇਤਿਹਾਸ ਦੀਆਂ ਪੈੜਾਂ ਤੇ ਪਿਛੇ - ਬੀਤੇ ਦੇ ਧੁੰਧਲਕੇ - ਵੱਲ ਚੱਲਿਆਂ ਪਤਾ ਲਗਦਾ ਹੈ, ਉਹ ਤਾਂ ਹੀ ਲਗ ਸਕਿਆ ਹੈ ਜੇ ਕਿਸੇ ਨੇ ਪੂਰਵ ਪੁਰਸ਼ਾਂ ਬਾਰੇ ਕੁਝ ਨ ਕੁਝ ਜਾਣਿਆ-ਬੁੱਝਿਆ ਅਤੇ ਪਿਛੋਂ ਆਉਣ ਵਾਲਿਆਂ ਲਈ ਲਿਖ ਛਡਿਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਅਵਸਾਨ ਤੋਂ ਬਾਅਦ ਜਿਉਂ ਹੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰੂ ਰੂਪ ਵਿੱਚ, ਸੋਹੀਂ ਆਏ, ਆਪ ਨੇ ਨਾਮਧਾਰੀ ਜਗਤ ਵਿੱਚ ਚਮਤਕਾਰੀ ਪ੍ਰਭਾਵ ਵਿਖਾਇਆ। ਪਿਤਾ ਸਤਿਗੁਰੂ ਜੀ ਦੇ ਦੇਹ-ਉਹਲੇ ਕਰਨ ਸਮੇਂ ਨਾਮਧਾਰੀ ਕੇਂਦਰ ਲਈ ਇਕ ਵਾਰ ਫੇਰ ਕਰੜਾਈ ਦਾ ਸਮਾਂ ਆਇਆ। ਕਰੀਬ ੮੭ ਵਰਿਆਂ ਪਿਛੋਂ, ਦੂਜੀ ਵਾਰ ਨਾਮਧਾਰੀ ਕੇਂਦਰ, ਸੁਤੰਤਰ ਭਾਰਤ ਦੀ ਪੰਜਾਬ ਸਰਕਾਰ ਦੇ ਕਰੋਧ ਦਾ ਸ਼ਿਕਾਰ ਹੋ ਚੁੱਕਾ ਸੀ । ਪਸ਼ੂ-ਡੰਗਰਾਂ ਦੀਆਂ ਨੀਲਾਮੀਆਂ-ਕੁਰਕੀਆਂ, ਜੀਵਨਨਗਰ ਖੇਤਰ ਦੇ ਨਾਮਧਾਰੀਆਂ ਉੱਤੇ ਨਿੱਤ-ਨਵੇਂ-ਦਿਨ, ਸੋਚੇ ਸਮਝੇ ਇਲਜ਼ਾਮ ਤੇ ਮੁਕੱਦਮੇ, ਸਤਿਗੁਰੂ ਪ੍ਰਤਾਪ ਸਿੰਘ ਜੀ ਜੈਸੇ ਪਰਮ ਪਾਵਨ ਵਿਅਕਤੀ ਨੂੰ, ਕਚਹਿਰੀ ਵਿਚ ਪੇਸ਼ ਕਰਨ ਦੀ ਜਿੱਦ ਲਈ ਝੂਠੇ-ਸੱਚੇ ਯਤਨ, ਦੂਜੇ ਬੰਨੇ ਸਿੱਖੀ ਵਿਚੋਂ ਨੌਜਵਾਨਾਂ ਦਾ ਵਡੇ ਪੈਮਾਨੇ ਵਿਚ ਵਿਸ਼ਵਾਸ ਡਿੱਗਣਾ, ਸਮਾਜਿਕ ਆਪ-ਹੁਦਰੀਆਂ ਦਾ ਅਰੁਕ ਵਾਧਾ, ਵਿਦੇਸ਼ਾਂ ਵਿੱਚ ਗਏ ਨਾਮਧਾਰੀਆਂ ਦੀ ਸਮਾਜ ਵਲੋਂ ਬੇਪਰਵਾਹੀ ਅਤੇ ਜਥੇਬੰਦੀ ਦੀਆਂ ਤੰਦਾਂ ਵਿਚ ਪੈਰ-ਪੈਰ ਵੱਧਦਾ ਬੋਦਾਪਨ। ਇਹ ਸਨ ਓਦੋਂ ਦੇ ਹਾਲਾਤ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥ-ਨਈਆ ਦੀ ਪਵਾਰ ਆਪਣੇ ਹੱਥ ਲਈ ।

ਆਪ ਜੀ ਪੂਰੇ ੩੯ ਸਾਲ ਸਿੱਖ ਰੂਪ ਵਿੱਚ ਵਿਚਰੇ ਸਨ, ਬਾਲ ਜੀਵਨ ਵਿੱਚ ਆਪ ਨੇ ਸਾਡੇ ਨਾਲੋਂ ਵਧੇਰੇ ਹੀ ਝਿੜਕਾਂ-ਝੰਬਾਂ ਦਾ ਮਜ਼ਾ ਚੱਖਿਆ। ਜਵਾਨੀ ਵਿਚ ਕੇਵਲ ੬੦ ਰੁਪਏ ਮਹੀਨਾ ਵਿਚ ਸੰਤੁਲਤ ਖ਼ਰਚ ਕਰਨ ਦੀ ਮਜਬੂਰੀ ਵੀ ਵੇਖੀ ਸੀ। ਪਰ ਆਪ ਸ਼ੁਰੂ ਤੋਂ ਹੀ ਹਰ ਔਖੀ ਗੱਲ ਨੂੰ ਸੌਖੀ ਸਮਝ ਕੇ ਉਹਦਾ ਸਾਹਮਣਾ ਕਰਨ ਲਈ ਤਤਪਰ ਰਹਿੰਦੇ। ਕਿਸ਼ੋਰ ਅਵਸਥਾ ਤੋਂ ਪਹਿਲਾਂ ਹੀ ਰੋਜ਼ਾਨਾ ੯ ਜਾਂ ੧੦ ਬਾਣੀਆਂ ਦਾ ਨਿੱਤ ਪਾਠ ਕਰਨਾ ਪੈਂਦਾ, ਢਾਈ ਮਾਲਾ

ਪੱਕੀਆਂ ਭਜਨ ਦੀਆਂ ਵੀ ਨਿਤਨੇਮ ਵਿਚ ਸ਼ਾਮਲ ਸਨ। ਏਨਾ ਧਾਰਮਿਕ ਬੋਝ ਉਠਾ ਕੇ ਵੀ ਆਪ ਹੱਸਦੇ-ਖੇਡਦੇ, ਨੱਚਦੇ-ਟੱਪਦੇ ਦੇ ਹਰ ਜ਼ਿੰਮੇਵਾਰੀ ਵਿਚੋਂ ਮੌਜ ਲੁੱਟਦੇ ਜ਼ਿੰਦਗੀ ਦੇ ਅਗਲੇ ਪੰਧੇ ਪਈ ਗਏ।

**ਧਰਮ ਕਰਮ ਵੱਲ**

ਸਭ ਤੋਂ ਪਹਿਲਾਂ ਆਪ ਨੇ ਸਮੂਹਿਕ ਨਾਮ ਸਿਮਰਨ ਵੱਲ ਧਿਆਨ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਰੋਜ਼ਾਨਾ ਇਕ ਘੰਟਾ ਨਾਮ ਸਿਮਰਨ, ਨਾਮਧਾਰੀਆਂ ਲਈ ਅਤੀ ਜ਼ਰੂਰੀ ਕੀਤਾ ਸੀ, ਪਰ ਜਿਥੇ ਇਕ ਤੋਂ ਵੱਧ ਨਾਮਧਾਰੀ ਰਹਿੰਦੇ ਹੋਣ ਉਥੇ ਮਿਲ ਕੇ ਸਿਮਰਨ ਕਰਨ ਦੀ ਪਰਿਪਾਟੀ ਚਲਾਈ। ਜਿਥੇ ਵੀ ਸਤਿਗੁਰੂ ਜੀ ਜਾਂਦੇ ਓਥੋਂ ਦੀਆਂ ਸੰਗਤਾਂ ਆਪ ਦੀ ਹਜ਼ੂਰੀ ਵਿੱਚ ਬੈਠ ਕੇ ਇਕ ਘੰਟਾ ਨਾਮ ਸਿਮਰਨ ਕਰਦੀਆਂ। ਪ੍ਰੰਤੂ ਸਮੇਂ ਦੇ ਬੀਤਣ ਨਾਲ ਇਸ ਵਿਚ ਕੁਝ ਢਿਲਾਈ ਆ ਰਹੀ ਸੀ, ਜਿਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਵਿਸ਼ੇਸ਼ ਰੁਚੀ ਪੈਦਾ ਕਰਕੇ ਸਭਨਾਂ ਲਈ ਆਕਰਸ਼ਣ ਦਾ ਸਮਾਂ ਬਣਾ ਦਿੱਤਾ। ਹੁਣ ਜਦ ਕਦੇ ਨਿਤਨੇਮ ਅਥਵਾ ਇਕ ਘੰਟਾ ਨਾਮ ਸਿਮਰਨ ਦੇ ਸਮੇਂ ਦੀਵਾਨ ਸਥਾਨ ਵਿਖੇ ਪਹੁੰਚੀਦਾ ਹੈ ਤਾਂ ਵੇਖੀਦਾ ਹੈ ਕਿ ਕੋਈ ਵਿਰਲਾ ਬਸ਼ਰ ਹੀ ਭਾਵੇਂ ਬਾਹਰ ਫਿਰਦਾ ਹੋਵੇ, ਨਹੀਂ ਤਾਂ ਤਮਾਮ ਇਸਤਰੀ ਮਰਦ, ਬਾਲ ਬਿਰਧ ਸਿਮਰਨ ਦੇ ਅਵਸਰ ਵੇਲੇ ਦੀਵਾਨ ਵਿਚ ਹਾਜ਼ਰ ਹੁੰਦੇ ਹਨ। ਇਕ ਤਾਂ ਆਪ ਨੇ ਘੰਟੇ ਭਰ ਦੀ ਅਸਲੋਂ ਚੁੱਪ, ਅਥਵਾ ਨੀਂਦ ਲਿਆਊ ਸਮੇਂ, ਨੂੰ ਪਿਤਾ ਸਤਿਗੁਰੂ ਦੇ ਟੇਪ ਰੀਕਾਰਡ ਪ੍ਰਵਚਨ ਸੁਣਾਂਦਿਆਂ ਦਿਲਚਸਪੀ ਜਗਾਈ ਰੱਖਣ ਵਿਚ ਤਬਦੀਲ ਕਰ ਦਿੱਤਾ ਹੈ, ਦੂਜੇ, ਇਹਨਾਂ ਟੇਪ-ਭਾਸ਼ਣਾਂ ਨਾਲ ਸਾਨੂੰ ਆਪਣੇ ਇਤਿਹਾਸ ਦੀ ਟੋਹ ਅਤੇ ਆਮ ਜਾਣਕਾਰੀ ਮਿਲਦੀ ਰਹਿੰਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਆਪਣੇ ਦਰਸ਼ਨਾਂ ਦਾ ਪ੍ਰਭਾਵ ਵੀ ਐਸਾ ਹੈ ਕਿ ਨਿਤਨੇਮ ਦੇ ਸਮੇਂ ਦੀਵਾਨ ਸਥਾਨੋਂ ਬਾਹਰ ਰਹਿਣਾ ਰੜਕਦਾ ਰਹਿੰਦਾ ਹੈ।

ਆਪ ਨੇ ਸ਼ੁਰੂ ਵਿੱਚ ਹੀ ਜਵਾਨ ਬੱਚਿਆਂ ਉਤੇ ਆਪਣੇ ਜਾਦੂ ਬੋਲਾਂ, ਮਨਾਊ ਦਲੀਲਾਂ ਤੇ ਮੋਹਣੀ ਟੈਕਨੀਕ ਨਾਲ ਕਾਬੂ ਪਾ ਲਿਆ । ਮੁੱਢਲੇ ਦਿਨੀਂ ਆਪ ਨੇ ਪਿੰਡ-ਪਿੰਡ, ਨਗਰ-ਨਗਰ ਫਿਰ ਕੇ ਨਾਮਧਾਰੀ ਬੱਚਿਆਂ ਅਤੇ ਨੌਜਵਾਨਾਂ ਨੂੰ ਹਫ਼ਤਿਆਂ ਤੇ ਮਹੀਨਿਆਂ ਬੱਧੀ 'ਸੋਧ ਰੱਖਣ (ਅਤਿ ਸੰਜਮੀ ਜੀਵਨ ਲਈ ਤਿਆਰ ਕੀਤਾ ਤਾਂਕਿ ਹਰ ਨਾਮਧਾਰੀ ਇਕਾਈ ਆਪਣੇ ਨੇਮ ਕਰਮ ਲਈ ਵਿਸ਼ੇਸ਼ ਨਾਮਧਾਰੀਆਂ' (ਸੋਧੀਆਂ) ਤੇ ਨਿਰਭਰ ਨਾ ਕਰਨ। ਬੱਚਿਆਂ ਤੇ ਨੌਜੁਆਨਾਂ ਨੂੰ ਭਜਨ ਕਰਨ ਅਤੇ ਰੋਜ਼ਾਨਾ ਬਾਣੀਆਂ ਪੜ੍ਹਨ ਲਈ ਏਨਾ ਉਤਸ਼ਾਹਤ ਕੀਤਾ ਕਿ ਹਰ ਕਿਸੇ ਨੂੰ ਇਹ ਆਸ ਬੱਝ ਗਈ ਕਿ ਸਾਡੇ ਪਰਵਾਰਾਂ ਵਿਚ ਨਵੀਂ ਪਨੀਰੀ ਵਿਧੀ ਪੂਰਵਕ ਪ੍ਰਫੁੱਲਤ ਹੁੰਦੀ ਰਹੇਗੀ।

ਸ਼ਹਿਰਾਂ ਅਤੇ ਪਿੰਡਾਂ ਵਿੱਚ ਸਤਿਗੁਰਾਂ ਦੇ ਦਰਸ਼ਨ ਦਾ ਅਰਥ ਸੀ ਦਰਜਨਾਂ ਤੇ ਸੈਂਕੜੇ ਲੋਕਾਂ ਨੂੰ ਨਵੇਂ ਸਿਰਿਓਂ ਨਾਮਧਾਰੀ ਰਹੁ ਰੀਤ ਵਿਚ ਪਰਵੇਸ਼ ਕਰਵਾਣਾ।

ਨਾਮਧਾਰੀਪਣ ਜਗਾਈ ਰੱਖਣ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਇਕਾਈਆਂ ਨੂੰ ਉਸ ਅਧਾਰ ਨਾਲ ਜੋੜੀ ਰੱਖਿਆ ਜਾਏ, ਜਿਸ ਤੋਂ ਸਿੱਖੀ ਅਤੇ ਵਿਸ਼ੇਸ਼ ਕਰ ਨਾਮਧਾਰੀਅਤ ਨੂੰ ਬਲ ਮਿਲਦਾ ਰਹੇ । ਸਤਿਗੁਰੂ ਹੀ ਜਿਊਂਦਾ ਆਧਾਰ ਹਨ ਜਿਨ੍ਹਾਂ ਦੁਆਰਾ ਉਸ ਵਿਧੀ ਵਿਧਾਨ ਦਾ ਗਿਆਨ ਵੀ ਜ਼ਰੂਰੀ ਹੈ, ਜਿਸ ਅਨੁਸਾਰ ਗੁਰਸਿੱਖ ਪਰੰਪਰਾ ਕਾਇਮ ਰਹਿ ਸਕਦੀ ਹੈ। ਅਤੇ ਇਹ ਵਿਧੀ ਵਿਧਾਨ ਗੁਰਬਾਣੀ ਹੈ। ਪਿਤਾ ਸਤਿਗੁਰੂ ਜੀ ਨੇ ਜਿਵੇਂ ਆਪਣੇ ਕਾਰਜ ਕਾਲ ਵਿਚ ਤਿੰਨ ਵਾਰ ਆਦਿ ਗਰੰਥ ਸਾਹਿਬ ਜੀ ਦੇ ਸਵਾ-ਸਵਾ ਲੱਖ ਪਾਠ ਕਰਵਾਏ, ਇੰਜ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਵਾਰ ਤਾਂ ਸਵਾ ਲੱਖ ਪਾਠ ਕਰਵਾ ਲਏ, ਪਰ ਦੂਜੀ ਵਾਰ ਦੇ ਅਜੇ ਜਾਰੀ ਹਨ। ਹੁਣ ਤੱਕ ਨੂੰ ਚਿਰੋਕਣੇ ਇਹ ਪਾਠ ਮੁਕੰਮਲ ਹੋ ਚੁੱਕੇ ਹੁੰਦੇ ਜੇ ਕੁਝ ਸੰਕੁਚਿਤ ਵਿਚਾਰਾਂ ਦੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੇ ਅਕਾਰਨ ਹੀ ਵਿਘਨ ਉਪਸਥਿਤ ਨ ਕਰ ਦਿੱਤਾ ਹੁੰਦਾ।

ਤਾਂ ਵੀ ਸਾਰੇ ਵਿਘਨਾਂ ਨੂੰ ਉਲੰਘਦਿਆਂ, ਕਿਹਾ ਨਹੀਂ ਜਾ ਸਕਦਾ ਕਿੰਨੀ ਵਾਰ ਸਵਾ ਲੱਖ ਪਾਠ ਹੋਰ ਹੋ ਸਕਣ। ਸਤਿਗੁਰੂ ਲਈ ਆਦਰਸ਼ ਵਾਕ ਹੈ :

ਆਪ ਜਪਹਿ ਅਵਰਹ ਨਾਮ ਜਪਾਵੈ॥

**ਸਾਹਿਤ ਬਾਰੇ**

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰੂ ਰੂਪ ਵਿੱਚ ਸਥਾਪਤ ਹੁੰਦਿਆਂ ਉਸ ਕਮੀ ਵੱਲ ਡਾਢਾ ਧਿਆਨ ਦਿੱਤਾ ਜੋ ਸਾਹਿਤ ਬਾਰੇ ਉਹਨਾਂ ਨੂੰ ਰੜਕਦੀ ਸੀ। ਸੰਤ ਮੰਗਲ ਸਿੰਘ ਲਾਇਲਪੁਰੀ ਦੇ ਨਵਾਂ ਹਿੰਦੁਸਤਾਨ ਦੀ ਕਈ ਸਾਲ ਆਰਥਿਕ ਮਦਦ ਕੀਤੀ। ਸ੍ਰੀ ਜੀਵਨ ਨਗਰ ਇਲਾਕੇ ਦੇ ਉਤਸ਼ਾਹੀ ਬੱਚਿਆਂ ਨੂੰ ਨਾਮਧਾਰੀ ਸਾਹਿਤ ਸਭਾ' ਨਾਂ ਨਾਲ ਜਥੇਬੰਦ ਹੋਇਆਂ ਅਸ਼ੀਰਵਾਦ ਦਿੱਤਾ ਅਤੇ ਉਹਨਾਂ ਦੇ ਕਾਰਜ ਕਰਮ ਵਿੱਚ ਨਿੱਜੀ ਦਿਲਚਸਪੀ ਲੈ ਉਹਨਾਂ ਨੂੰ ਨਿਵਾਜ਼ਿਆ। ਨਾਮਧਾਰੀ ਸਮਾਜ ਵਿੱਚ ਜਿਥੇ ਕੋਈ ਲਿਖ ਪੜ੍ਹ ਰਿਹਾ ਸੀ, ਉਸ ਨੂੰ ਧਿਆਨ ਵਿਚ ਲਿਆਂਦਾ ਅਤੇ ਇੰਜ ਕਰਦਿਆਂ ਹੀ

ਸੰਤ ਮੰਗਲ ਸਿੰਘ ਜੀ ਲਾਇਲਪੁਰ ਵਲੋਂ ਭੇਟ ਕੀਤੇ ਗਏ "ਨਵਾਂ ਹਿੰਦੁਸਤਾਨ" ਨੂੰ ਉਹਨਾਂ ਦੇ ਛੋਟੇ ਵੀਰ ਸ੍ਰੀ ਅਮਰ ਭਾਰਤੀ ਦੇ ਹਵਾਲੇ ਕਰਕੇ ਸਾਰਾ ਖ਼ਰਚਾ ਆਪਣੇ ਸਿਰ ਉਠਾਇਆ। ਨਵਾਂ ਹਿੰਦੁਸਤਾਨ ਨੇ ਅਖ਼ਬਾਰੀ ਭਾਈਚਾਰੇ ਵਿਚ ਆਪਣੀ ਥਾਂ ਬਣਾਈ ਹੀ ਸੀ ਕਿ ਕੁਝ ਵਿਸ਼ੇਸ਼ ਕਾਰਨਾਂ ਕਰਕੇ ਇਸ ਰੋਜ਼ਾਨਾ ਪਰਚੇ ਨੂੰ ਬੰਦ ਕਰਨ ਦੀ ਮਜ਼ਬੂਰੀ ਪਰਵਾਨ ਕਰਨੀ ਪਈ। ਸਿਖ ਇਤਿਹਾਸ ਤੇ ਕੂਕੇ, ਇਕ ਤੁਲਨਾਤਮਿਕ ਅਧਿਐਨ ਪੁਸਤਕ ਲਈ ਸ੍ਰੀ ਅਮਰ ਭਾਰਤੀ ਜੀ ਨੂੰ ਉਤਸ਼ਾਹਤ ਕੀਤਾ। ਸੰਤ ਤਰਨ ਸਿੰਘ 'ਵਹਿਮੀ', ਮਾਸਟਰ ਨਿਹਾਲ ਸਿੰਘ, ਸੰਤ ਮੇਹਰ ਸਿੰਘ, ਸੰਤ ਬਿਸ਼ਨ ਸਿੰਘ ਜੀ ਆਦਿ ਹੋਰ ਕਈ ਨਾਮਧਾਰੀ ਲੇਖਕਾਂ ਦੀਆਂ ਕਿਰਤਾਂ ਇਹਨਾਂ ਦੇ ਸਮੇਂ ਵੱਡੀ ਗਿਣਤੀ ਵਿਚ ਸਾਹਮਣੇ ਆਈਆਂ।

ਨਾਮਧਾਰੀਆਂ ਤੋਂ ਬਿਨਾਂ ਹਿੰਦੀ, ਅੰਗਰੇਜ਼ੀ ਵਿੱਚ ਜਿਨ੍ਹਾਂ ਵਿਦਵਾਨ ਲੇਖਕਾਂ ਨੇ ਹੋਰ ਪੁਸਤਕਾਂ ਲਿਖੀਆਂ ਅਤੇ ਛਪਵਾਈਆਂ ਸਤਿਗੁਰੂ ਜੀ ਨੇ ਉਦਾਰਤਾ ਨਾਲ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਡਾਕਟਰ ਕਪੂਰ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀ ਅਲਬੇਲੀ ਪੁਸਤਕ 'ਸਤਿਗੁਰੂ ਪ੍ਰਤਾਪ ਸਿੰਘ ਵੀ ਏਸੇ ਸਮੇਂ ਦੀ ਉਪਜ ਹੈ। ਜਿਸ ਨੂੰ ਛਪਵਾਣ ਦਾ ਸਾਰਾ ਖ਼ਰਚਾ ਨਾਮਧਾਰੀ ਦਰਬਾਰ ਵਲੋਂ ਹੋਇਆ ਅਤੇ ਨਵਾਂ ਹਿੰਦੁਸਤਾਨ ਤੋਂ ਪਿਛੋਂ ਸ਼ਤਾਬਦੀ ਨਿਊਜ਼' ਨਾਂ ਦਾ ਮਾਸਿਕ ਪੱਤਰ ਵੀ ਦਿੱਲੀ ਤੋਂ ਕੁਝ ਸਮਾਂ ਸੁਘੜਤਾ ਨਾਲ ਪ੍ਰਕਾਸ਼ਤ ਹੁੰਦਾ ਰਿਹਾ । ਨਾਮਧਾਰੀ ਇਤਿਹਾਸ ਨਾਲ ਸੰਬੰਧਤ ਸਮੱਗਰੀ ਇਕੱਤਰ ਕਰਕੇ ਛਾਪਣ ਵਾਲੇ ਸ: ਨਾਹਰ ਸਿੰਘ ਵੀ ਸਤਿਗੁਰੂ ਜੀ ਦੀ ਉਦਾਰਤਾ ਤੋਂ ਫ਼ੈਜ਼ਯਾਬ ਹੋਏ ।

ਅੱਜ ਕੱਲ੍ਹ ਵੀ ਆਪ ਅਨੇਕ ਪੱਤਰ ਪੱਤਰਕਾਵਾਂ ਦੀ ਕਿਸੇ ਨ ਕਿਸੇ ਸ਼ਕਲ ਵਿਚ ਮਦਦ ਕਰਦੇ ਰਹਿੰਦੇ ਹਨ । ਸਾਹਿਤ ਸਿਰਜਕਾਂ ਦੀ ਮਦਦ ਵੀ ਗਾਹੇ-ਬ-ਗਾਹੇ ਹੁੰਦੀ ਰਹਿੰਦੀ ਹੈ।

ਪਰ ਮਹਿਸੂਸ ਕੀਤਾ ਜਾਂਦਾ ਹੈ ਕਿ ਅਜੇ ਤੱਕ ਸਾਹਿਤ ਤੇ ਇਤਿਹਾਸ ਬਾਰੇ ਹੋਰ ਬਹੁਤ ਕੁਝ ਕਰਨ ਵਾਲਾ ਹੈ, ਰੋਜ਼ਾਨਾ ਅਖ਼ਬਾਰ ਦੀ ਲੋੜ ਵੀ ਰੜਕਦੀ ਰਹਿੰਦੀ ਹੈ, ਇਹ ਸਭ ਕੁਝ ਮੁਨਾਸਬ ਸਮੇਂ ਦੀ ਇੰਤਜ਼ਾਰ ਦੇ ਹਵਾਲੇ ਕੀਤਾ ਗਿਆ ਹੈ ।

**ਸਾਰਾ ਵਾਤਾਵਰਣ ਸ਼ਾਂਤ**

ਗੁਰਗੱਦੀ ਤੇ ਬਿਰਾਜਣ ਦੇ ਸਮੇਂ ਤੱਕ ਨਾਮਧਾਰੀ ਕੇਂਦਰ ਨਾਲ ਸੰਬੰਧਤ ਵਿਅੱਕਤੀਆਂ ਅਤੇ ਆਸਥਾ ਰੱਖਣ ਵਾਲੇ ਹੋਰ ਅਨੇਕਾਂ ਨਾਮਧਾਰੀਆਂ ਨੂੰ ਕਈ ਤਰਾਂ ਦੇ ਮੁਕੱਦਮਿਆਂ ਵਿਚ ਫਸਾਇਆ ਗਿਆ ਸੀ। ਉਸ ਵੇਲੇ ਵੱਖ ਵੱਖ ਕਿਸਮਾਂ ਦੇ ਕੋਈ ੨੨ ਮੁਕੱਦਮੇ ਚਲ ਰਹੇ ਸਨ। ਮੁਕੱਦਮੇ ਇਸ ਕਾਰਨ ਵਿਸਤਾਰੇ ਜਾ ਰਹੇ ਸਨ ਕਿ ਨਾਮਧਾਰੀ ਬੁਨਿਆਦੀ ਤੌਰ ਤੇ ਕਚਹਿਰੀਆਂ ਵਿਚ ਜਾਣਾ ਪਸੰਦ ਹੀ ਨਹੀਂ ਕਰਦੇ। ਕੇਵਲ ਪਰੇਸ਼ਾਨ ਕਰਨ ਲਈ ਪੁਲਸ ਵਲੋਂ, ਟਾਊਟਾਂ ਦੁਆਰਾ ਅਤੇ ਕੇਂਦਰ ਵਿਰੋਧੀ ਲੋਕਾਂ ਕੋਲੋਂ ਝੂਠੇ ਕੇਸ ਬਣਾ ਦਿੱਤੇ ਜਾਂਦੇ ਸਨ। ਘਸੀਟਾ ਸਿੰਘ ਕਤਲ ਕੇਸ ਵਿਚ ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ ਏਸੇ ਲਈ ਲਪੇਟਿਆ ਗਿਆ ਸੀ। ਇਹੋ ਜਿਹੇ ਸੁਆਰਥ ਜਾਂ ਸਿਆਸਤ ਰੁਚਿਤ ਕੇਸਾਂ ਨੂੰ ਸ੍ਰੀ ਹਜ਼ੂਰ ਨੇ ਗੱਦੀ ਸਸ਼ੋਭਤ ਹੁੰਦੇ ਹੀ ਪਹਿਲੇ ਪੁੱਜੇ ਵਿੱਚ ਹੀ ਖ਼ਤਮ ਕਰ ਕਰਵਾ ਦਿੱਤਾ। ਪੈਸਾ, ਜ਼ਮੀਨ, ਪਦਵੀ, ਜੋ ਕੁਝ ਵੀ ਕਿਸੇ ਦੀ ਲੋੜ ਸੀ ਦੇ ਦਿਵਾ ਕੇ ਸ੍ਰੀ ਜੀਵਨ ਨਗਰ ਇਲਾਕੇ ਵਿਚ ਇਕ ਸੁਖ ਦਾ ਵਾਤਾਵਰਣ ਪੈਦਾ ਕਰ ਦਿੱਤਾ।

ਸ: ਪ੍ਰਤਾਪ ਸਿੰਘ ਕੈਰੋਂ ਹੀ ਉਸ ਵੇਲੇ ਨਾਮਧਾਰੀਆਂ ਲਈ ਬਰਤਾਨਵੀ ਰਾਜ ਬਣਿਆ ਪਿਆ ਸੀ, ਪਰ ਸਤਿਗੁਰੂ ਜੀ ਨੇ ਪਹਿਲ ਕਦਮੀ ਲੈ ਕੇ ਅਤੇ ਉਸ ਦੀਆਂ ਉੱਤਮ ਭਾਵਨਾਵਾਂ ਨੂੰ ਜਗਾ ਕੇ ਉਹਨੂੰ ਨਾਮਧਾਰੀ ਵਿਰੋਧ ਦਾ ਮਾਰਗ ਛੱਡਣ ਲਈ ਤਿਆਰ ਕਰ ਲਿਆ। ਜਦੋਂ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਤੋਂ ਛੇਤੀ ਹੀ ਮਗਰੋਂ ਸ. ਕੈਰੋਂ ਮੁਖ ਮੰਤਰੀ ਰੂਪ ਵਿੱਚ ਸ੍ਰੀ ਜੀਵਨ ਨਗਰ ਆਏ ਅਤੇ ਉਹਨਾਂ ਇਕ ਵਿਸ਼ੇਸ਼ ਇਨਾਮ-ਵੰਡ ਸਮਾਗਮ ਵਿਚ ਸ੍ਰੀ ਸਤਿਗੁਰੂ ਜੀ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ, ਨਾਮਧਾਰੀਆਂ ਅਤੇ ਹੋਰ ਇਨਾਮ-ਜੇਤੂ ਲੋਕਾਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਤਾਂ ਦੋਸਤਾਂ ਦੁਸ਼ਮਨਾਂ ਸਭ ਨੂੰ ਕੰਨ ਹੋ ਗਏ ਕਿ ਹਵਾ ਦਾ ਰੁਖ਼ ਬਦਲ ਗਿਆ ਹੈ। ਤਾਂ ਹੀ ਤਾਂ ਇਕ ਪ੍ਰਸਿੱਧ ਨਾਮਧਾਰੀ ਸੰਤ ਸੁਰਜਨ ਸਿੰਘ ਜੀ ਨੇ ਕਿਹਾ ਸੀ : "ਸਤਿਗੁਰਾਂ ਤਾਂ ਠੰਢ ਵਰਤਾ ਦਿੱਤੀ ਹੈ। ਸਾਰੀਆਂ ਬਲਦੀਆਂ ਬੁਝਾ ਦਿਤੀਆਂ ਹਨ ।

**ਦੇਸ਼ ਵਿਦੇਸ਼**

ਜਿਉਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਗੱਦੀ ਨਸ਼ੀਨ ਹੋਏ ਦੇਸ਼ ਵਿਦੇਸ਼ ਦੇ ਨਾਮਧਾਰੀਆਂ ਉਹਨਾਂ ਵੱਲ ਆਪਣੇ ਪਿਆਰ ਦੀਆਂ ਤੰਦਾਂ ਜੋੜਨੀਆਂ ਸ਼ੁਰੂ ਕਰ ਦਿਤੀਆਂ। ਜੋ ਵੀ ਤੇ ਜਿਥੇ ਵੀ ਕੋਈ ਸਤਿਗੁਰਾਂ ਨੂੰ ਮਹਾਰਾਜ' ਜਾਂ 'ਬਾਬਾ ਜੀ' ਹੁੰਦਿਆਂ ਮਿਲਦਾ ਸੀ, ਉਹਨਾਂ ਦੇ ਵਤੀਰੇ, ਪਹੁੰਚ ਅਤੇ ਉਦਾਰਤਾ ਤੋਂ ਮੋਹਿਆ ਜਾਂਦਾ, ਸਤਿਗੁਰੂ

ਬਣਿਆਂ ਤਾਂ ਸੁਭਾਵਕ ਹੀ ਸੀ ਕਿ ਆਪ ਨੂੰ ਦਰਸ਼ਨ-ਦੌਰਿਆਂ ਦੀ ਬੇਨਤੀ ਕੀਤੀ ਜਾਂਦੀ। ਆਪ ਨੂੰ ਦਸਤਾਰਬੰਦੀ ਸਮੇਂ ਦਰਸ਼ਨ ਭੇਟ ਤੋਂ ਬਿਨਾਂ, ਹਜ਼ਾਰਾਂ ਪੱਤਰ ਵੀ ਪ੍ਰਾਪਤ ਹੋਏ ਜਿਨ੍ਹਾਂ ਵਿੱਚ ਸਭ ਤੋਂ ਪਹਿਲਾ ਦੌਰਾ ਜਾਂ ਮੇਲਾ ਪਾਰਥੀਆਂ ਦੇ ਨਗਰਾਂ, ਸ਼ਹਿਰਾਂ ਵਿਚ ਕਰਨ ਦਾ ਤਰਲਾ ਸੀ।

ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਦੀਆਂ ਵਿਆਪਕ ਜ਼ਿੰਮੇਵਾਰੀਆਂ ਵੱਲ ਤਾਂ ਧਿਆਨ ਦੇਣਾ ਹੀ ਸੀ, ਹੁਣ ਉਹਨਾਂ ਬੇਨਤੀ ਪੱਤਰਾਂ ਦੀ ਵੀ ਕਿਸੇ ਵਿਉਂਤ ਨਾਲ ਹੀ ਸੁਣੀ ਜਾ ਸਕਦੀ ਸੀ। ਸਤਿਗੁਰੂ ਜੀ ਨੇ ਇਹ ਵੀ ਐਲਾਨ ਕਰਵਾਇਆ ਕਿ ਸਿੱਖਾਂ ਨਾਲ ਸੰਪਰਕ ਵਿੱਚ ਮਾਇਆ ਦੀ ਥੁੜ ਰੋਕ ਨਹੀਂ ਬਣੇਗੀ, ਭੇਟਾ ਰੂਪ ਵਿਚ ਪੰਜ ਦਾਤਣਾਂ ਵੀ ਪਰਵਾਣੀਆਂ ਜਾਣਗੀਆਂ। ਸੋ ਦੇਸ਼ ਵਿਚ ਤਾਂ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਅਜਿਹੇ ਹਜ਼ਾਰਾਂ ਸਮੂਹ ਉਠ ਖਲੋਤੇ ਜੋ ਬਾਬਾ ਜਗਜੀਤ ਸਿੰਘ ਜੀ ਦੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਆਪਣੇ ਨਗਰ ਜਾਂ ਸ਼ਹਿਰ ਵਿਚ ਚਰਨ ਪੁਆਣਾ ਚਾਹੁੰਦੇ ਸਨ।

ਵਿਦੇਸ਼ਾਂ ਵਿਚੋਂ ਥਾਈਲੈਂਡ ਅਤੇ ਅਫ਼ਰੀਕਾ ਦੇ ਸਿੱਖਾਂ ਨੇ ਸ੍ਰੀ ਚਰਨਾਂ ਦੇ ਵਿਦੇਸ਼ ਪਰਵੇਸ਼ ਲਈ ਬੇਨਤੀ ਕੀਤੀ। ਥਾਈਲੈਂਡ ਦੀਆਂ ਸੰਗਤਾਂ ਦਾ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਨਾਲ ਅਗਾਧ ਪ੍ਰੇਮ ਸੀ ਅਤੇ ਆਪ ੧੯੩੪ ਤੋਂ ੧੯੫੯ ਤੱਕ ੨੨ ਵਾਰ ਥਾਈਲੈਂਡ (ਸਿਆਮ) ਗਏ। ਇੰਜ ਹੀ ਅਫ਼ਰੀਕਾ ਵਾਸੀ ਨਾਮਧਾਰੀਆਂ ਦੀ ਮਨੋਕਾਮਨਾ ਪੂਰਤੀ ਲਈ ੪ ਵਾਰ ਆਪ ਜੀ ਨੇ ਅਫ਼ਰੀਕਾ ਮਹਾਂਦੀਪ ਵਿਚ ਦਰਸ਼ਨ ਦਿਤੇ। ਹੋਲਾ ਕੰਪਾਲਾ ਤਾਂ ਖ਼ਾਸ ਮਹਾਨਤਾ ਵਾਲਾ ਸਮਾਂ ਸੀ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨੇਹ ਦਾ ਘੇਰਾ ਵਿਸ਼ਾਲ ਤੋਂ ਵਿਸ਼ਾਲਤਰ ਹੁੰਦਾ ਹੋਇਆ ਪੰਜਾਂ ਮਹਾਂਦੀਪਾਂ ਦੇ ਅੰਤਮ ਛੋਰਾਂ ਤੱਕ ਪਹੁੰਚ ਗਿਆ। ਥਾਈਲੈਂਡ, ਬਰਮਾ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਜਾਪਾਨ ਆਦਿ ਏਸ਼ਿਆਈ ਤੇ ਅਰਬ ਦੇਸ਼ਾਂ ਨੂੰ ਨਿਵਾਜ਼ਦਾ ਆਪ ਦਾ ਦਰਸ਼ਨ ਦੌਰਾ ਇੰਗਲੈਂਡ, ਆਇਰਲੈਂਡ, ਜਰਮਨ, ਸਵਿਜ਼ਰਲੈਂਡ, ਹਾਲੈਂਡ, ਅਮਰੀਕਾ ਤੇ ਕੈਨੇਡਾ ਤੱਕ ਪਸਰ ਗਿਆ।

ਬਾਰ ਬਾਰ ਦੇ ਬੁਲਾਵਿਆਂ ਤੇ ਘੱਟ ਵੱਧ ਪਰਵਾਨਗੀ ਕਾਰਨ ਵਿਦੇਸ਼ ਰਟਨ ਫਿਰ ਵੀ ਕਈ ਵਾਰ ਹੋ ਗਿਆ। ਵਿਦੇਸ਼ ਵਸਦੇ ਨਾਮਧਾਰੀਆਂ ਨੂੰ ਸਤਿਗੁਰਾਂ ਦੇ ਸਮਾਜਕ ਅੰਕੁਸ਼ ਦਾ ਸਦਾ ਹੀ ਅਹਿਸਾਸ ਹੁੰਦਾ ਰਹਿੰਦਾ ਹੈ। ਸਤਿਗੁਰੂ ਜੀ ਦੇ ਵਿਦੇਸ਼ ਭਰਮਣ ਉਥੋਂ ਦੇ ਨਾਮਧਾਰੀ ਪਰਵਾਰਾਂ ਦੀ ਨਵੀਂ ਪੌਦ ਨੂੰ ਡਿਗਣੋਂ-ਡੋਲਣੋਂ ਬਚਾਂਦੇ ਹਨ।

ਇਸ ਪੱਖੋਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਖੇਤਰ ਪੂਰਵ ਸਤਿਗੁਰੂਆਂ ਤੋਂ ਕਿਤੇ ਵਿਸ਼ਾਲ ਹੋ ਗਿਆ ਹੈ । ਸਤਿਗੁਰੂ ਜੀ ਦੇ ਵਿਦੇਸ਼ ਦੌਰੇ ਗੁਰਮਤ ਪਰਚਾਰ ਪ੍ਰਸਾਰ ਕਰਨ ਤੇ ਪਸ਼ੂ ਬਿਰਤੀਆਂ 'ਚੋਂ ਕੱਢ ਕੇ ਲੋਕਾਂ ਨੂੰ ਦੇਵ ਬਿਰਤੀ ਬਣਾਨ ਦਾ ਕਾਰਨ ਹੁੰਦੇ ਹਨ ।

**ਜੀਵਨ ਨਗਰ ਇਲਾਕੇ ਵਿਚ ਅਗਵਾਈ**

ਸ੍ਰੀ ਜੀਵਨ ਨਗਰ ਇਲਾਕੇ ਦੀ 500 ਮੁਰੱਬਾ ਜ਼ਮੀਨ ਖ਼ਰੀਦਣ, ਭਾਈਵਾਲਾਂ ਵਿਚ ਵੰਡਣ ਅਤੇ ਪਾਕਿਸਤਾਨੋਂ ਉੱਜੜ ਕੇ ਆਏ ਨਾਮਧਾਰੀਆਂ ਨੂੰ ਏਸ ਇਲਾਕੇ ਵਿਚ ਮੁੜ ਕੇ ਵਸਾਣ, ਉਹਨਾਂ ਦੀਆਂ ਜ਼ਮੀਨਾਂ ਏਥੇ ਅਲਾਟ ਕਰਵਾਣ ਦੀ ਮੁਹਿੰਮ ਸ: ਅਵਤਾਰ ਸਿੰਘ ਕਰੀਵਾਲਾ ਆਦਿ ਦੀ ਅਗਵਾਈ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਦੋਂ ਪਰਵਾਨ ਚੜਾਈ ਜਦੋਂ ਆਪ ਕੇਵਲ ਸਨਮਾਨਤ ਸਿੱਖ ਹੀ ਸਨ।

ਇਹ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੀ ਜੋ ਪਿਛਲੇ ਸਤਿਗੁਰੂਆਂ ਦੇ ਮੁੜ ਵਸਾਵੇ ਦੇ ਯਤਨਾਂ ਵਿੱਚੋਂ ਗਿਣਤੀ-ਮਿਣਤੀ ਤੇ ਖ਼ਰਚ ਦੇ ਪੱਖੋਂ ਨਵੀਆਂ ਸਿਖਰਾਂ ਛੂੰਹਦੀ ਸੀ। ਇਸ ਦੀ ਚੁੰਧਿਆਉ ਸਫ਼ਲਤਾ ਨੂੰ ਕਲੰਕਤ ਕਰਨ ਦੇ ਯਤਨ ਤਾਂ ਬਹੁਤੇਰੇ ਹੋਏ, ਪਰ ਸਤਿਗੁਰੂ ਜੀ ਦੀ ਸਹਿਜ ਸਿਆਣਪ, ਹਲੀਮੀ ਅਤੇ ਦੂਜਿਆਂ ਲਈ ਸਦਭਾਵਨਾ ਨੇ ਸਾਰੀਆਂ ਮੁਸ਼ਕਲਾਂ ਹਲ ਕਰ ਲਈਆਂ।

ਇਸ ਇਲਾਕੇ ਵਾਸਤੇ ਆਪ ਦੀ ਵਿਸ਼ੇਸ਼ ਦਿਲਚਸਪੀ ਸੀ। ਗੁਰੂ ਰੂਪ ਵਿਚ ਆਪ ਜੀ ਨੇ ਵਾਹੀਕਾਰਾਂ ਨੂੰ ਫਸਲਾਂ ਦੇ ਚੰਗੇ ਬੀਜ, ਖੇਤੀ ਵਿਚ ਨਰਮੇ ਦੀ ਕਾਸ਼ਤ, ਅੰਗੂਰ-ਵਾੜੀਆਂ, ਫਲਾਂ ਲਈ ਬਾਗਬਾਨੀ, ਵਾਹੀ ਜੋਤੀ ਵਿੱਚ ਨਵੀਂ ਟੈਕਨੀਕ ਦਾਖਲ ਕਰਨ ਦੀ ਪ੍ਰੇਰਨਾ ਦੇ ਕੇ ਕਿਸਾਨਾਂ ਨੂੰ ਨਵੇਂ ਖੇਤਰਾਂ ਵਿਚ ਪਰਵੇਸ਼ ਹੋਣ ਲਈ ਅਗਵਾਈ ਦਿੱਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਪਸ਼ੂ ਉੱਨਤੀ ਬਾਰੇ ਪੁਰਜਤਨ ਜਾਰੀ ਰਖੇ ਅਤੇ ਇਹਨਾਂ ਵਿਚ ਉਹ ਵਾਧਾ ਹੀ ਸੀ ਜਿਸ ਦੇ ਸਦਕਾ ਭਾਰਤ ਦੀ ਨੀਮ ਸਰਕਾਰੀ ਸੰਸਥਾ, ਗੋ ਗਵਰਧਨ ਸਮਿਤੀ, ਨੇ ਆਪ ਜੀ ਨੂੰ ੧੯੬੪ ਈ: ਵਿਚ 'ਗੋਪਾਲ ਰਤਨ ਉਪਾਧੀ ਨਾਲ ਸਨਮਾਨਤ ਕੀਤਾ। ਆਪ ਦੇ

ਯਤਨਾਂ ਕਾਰਨ ਹੀ ਇਲਾਕੇ ਦੇ ੨੦ ਪਿੰਡਾਂ ਕਸਬਿਆਂ ਵਿੱਚ ਉੱਤਮ ਦੁਧੈਲ ਪਸ਼ੂ ਬਹੁਤਾਤ ਵਿੱਚ ਮਿਲ ਸਕਦੇ ਹਨ।

ਬਹੁਤੇ ਲੋਕ ਸ਼ਾਇਦ ਇਹੋ ਜਾਣਦੇ ਹੋਣ ਕਿ ਸਤਿਗੁਰੂ ਜਗਜੀਤ ਸਿੰਘ ਹੋਰ ਅਨੇਕਾਂ ਧਾਰਮਕ ਆਗੂਆਂ ਵਾਂਗ ਲੋਕਾਂ ਅੰਦਰ ਸਦਭਾਵਨਾ, ਰਵਾਦਾਰੀ ਅਤੇ ਪੂਜਾ ਪਾਠ ਕਰਨ-ਕਰਵਾਣ ਤੇ ਲਗੇ ਰਹਿੰਦੇ ਹਨ। ਇਹ ਤਾਂ ਗੁਰੂ ਨਾਨਕ ਸਿਸਟਮ ਦੇ ਜਾਂਨਸ਼ੀਨ ਹੋਣ ਕਰਕੇ ਕਰਦੇ-ਕਰਵਾਂਦੇ ਹੀ ਹਨ, ਪਰ ਆਪ ਜੀ ਦੇਸ਼ ਉਸਾਰੀ ਵਿੱਚ ਵੀ ਆਪਣਾ ਭਾਗ ਅਦਾ ਕਰਨ ਤੋਂ ਉਕਦੇ ਨਹੀਂ। ਸ੍ਰੀ ਜੀਵਨ ਨਗਰ ਇਲਾਕੇ ਦੀਆਂ ਕਰੀਬ ੨੦ ਮੀਲ ਪਹੁੰਚ-ਸੜਕਾਂ ਉਤੇ ਆਪ ਜੀ ਨੇ ਮੌਕੇ ਉਤੇ ਖਲੋ ਕੇ ਮਿੱਟੀ ਪੁਆਈ, ਰੋੜੀ ਕੁਟਵਾਈ ਅਤੇ ਲੁੱਕ ਆਦਿ ਪਵਾ ਕੇ ਮੋਟਰ-ਟਰੈਕਟਰਾਂ, ਕਾਰਾਂ-ਸਕੂਟਰਾਂ ਆਦਿ ਲਈ ਆਵਾਜਾਈ ਦੇ ਮੁਨਾਸਬ ਮਾਰਗ ਤਿਆਰ ਕਰਵਾਏ।

ਏਨਾ ਹੀ ਨਹੀਂ, ਮਸਤਾਨ ਗੜ੍ਹ ਇਲਾਕੇ ਦੀ ਕਰੀਬ ਸੋਲਾਂ ਮਰੱਬੇ ਜ਼ਮੀਨ ਨੂੰ, ਜੋ ਇਕਦਮ ਦਲਦਲ ਸੀ ਤੇ ਜਿਥੇ ਮੱਖੀ-ਮੱਛਰ ਅਤੇ ਸੱਪ-ਸਲੂੰਗੇ ਹੀ ਪੈਦਾ ਹੋ ਰਹੇ ਸਨ। ਸੰਨ ੧੯੬੮ ਦੇ ਕੇਵਲ ਢਾਈ ਮਹੀਨਿਆਂ ਵਿਚ ਹੀ, ਬਾਹਰੋਂ ਮਿੱਟੀ ਸੁਟਵਾ ਕੇ, ਉੱਚੀਆਂ ਥਾਵਾਂ ਨੂੰ ਕਰਾਹ ਕੇ, ਵਿਚਕਾਰ ਲੋੜੀਂਦੀਆਂ ਸੜਕਾਂ ਤਿਆਰ ਕਰਵਾ ਏਨੀ ਇਕਸਾਰ ਤੇ ਉਪਜਾਊ ਭੂਮੀ ਵਿਚ ਬਦਲ ਦਿੱਤਾ ਹੈ ਕਿ ਉਸ ਚੁਗਿਰਦੇ ਦੇ ਵਿਚ ਖਲੋਤਾ ਬੰਦਾ ਹਰੇਵਾਈ ਤੱਕ ਤੱਕ ਝੂਮਦਾ ਤੇ ਉਸ ਮਿਹਨਤ ਨੂੰ ਸਿਰ ਨਿਵਾਣ ਲਈ ਮਜਬੂਰ ਹੋ ਜਾਂਦਾ ਹੈ, ਜੋ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਸਤਿਗੁਰੂ ਜੀ ਨੇ ਉਥੇ ਸਾਕਾਰ ਕੀਤੀ।

ਅਤੇ ਏਸੇ ਦਲਦਲ ਤੋਂ ਬਦਲੀ, ਸੋਨਾ ਪੈਦਾ ਕਰਦੀ ਧਰਤੀ ਵਿਚ ਸਤਿਗੁਰੂ ਜੀ ਨੇ ਇਕ ਤ੍ਰੈ-ਮੰਜ਼ਲੀ ਕੋਠੀ ਉਸਾਰੀ ਹੈ ਤਾਕਿ ਵਿਦੇਸ਼ੀ ਦਰਸ਼ਨ ਅਭਿਲਾਖੀਆਂ ਨੂੰ ਮੁਨਾਸਬ ਸੁਖ ਸਹੂਲਤ ਵਾਲਾ ਨਿਵਾਸ ਮਿਲ ਸਕੇ। ਸਤਿਗੁਰੂ ਜੀ ਨੇ ਇਸ ਕੋਠੀ ਬਾਰੇ ਲੇਖਕ ਨਾਲ ਗੱਲ ਬਾਤ ਕਰਦਿਆਂ ਇਕ ਵਾਰ ਦਸਿਆ ਸੀ : "ਮਨੋਰਥ ਤਾਂ ਇਹੋ ਹੈ ਕਿ ਇਲਾਕੇ ਦੇ ਲੋਕ ਪਰਸਪਰ ਲੜਾਈ-ਝਗੜਿਆਂ ਤੇ ਸ਼ਰਾਬ-ਮਾਸ ਦੇ ਚੱਕਰ ਵਿਚ ਨਾ ਪੈ ਕੇ ਚੰਗੇ ਵਧੀਆ ਮਕਾਨ ਬਣਵਾ ਕੇ ਸੁਖ ਪੂਰਵਕ ਰਹਿਣ-ਬਹਿਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਇਲਾਕੇ ਦੀ ਜਗਾ ਖ਼ਰੀਦ ਕੇ ਅਤੇ ਪਾਕਿਸਤਾਨੋਂ ਆਏ ਨਾਮਧਾਰੀਆਂ ਲਈ ਨਾਲ ਲਗਦੀ ਜ਼ਮੀਨ ਅਲਾਟ ਕਰਵਾ ਕੇ ਵਾਹੀਕਾਰਾਂ ਨੂੰ ਸੋਨੇ ਦਾ ਟੁਕੜਾ ਦੇ ਦਿੱਤਾ ਹੈ - ਅਨੇਕਾਂ ਲੋਕਾਂ ਨੂੰ ਮੁਫ਼ਤ ਜ਼ਮੀਨ ਤਕਸੀਮ ਕੀਤੀ ਹੈ, ਹੁਣ ਇਹ ਅਸਾਡਾ - ਏਥੋਂ ਦੇ ਵੱਸਣ ਵਾਲਿਆਂ - ਦਾ ਕੰਮ ਹੈ ਕਿ ਅਸੀਂ ਇਸ ਵਿਚੋਂ ਵੱਧ ਤੋਂ ਵੱਧ ਉਪਜ ਪ੍ਰਾਪਤ ਕਰੀਏ ਅਤੇ ਉਸ ਦੀ ਵਰਤੋਂ ਪਰਸਪਰ ਸੁਖ-ਸੁਵਿਧਾ ਲਈ ਵਧਾਈਏ।

ਇਲਾਕੇ ਦੀ ਵੱਸੋਂ ਦੀ ਨਵੀਂ ਪਨੀਰੀ ਨੂੰ ਮੁਨਾਸਬ ਤਾਲੀਮ ਦਿਵਾਣ ਲਈ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੬ ਈ: ਵਿਚ ਨਾਮਧਾਰੀ ਵਿਦਿਆਲੇ ਦਾ ਆਪਣੇ ਤੌਰ ਤੇ ਆਰੰਭ ਕੀਤਾ ਸੀ ਉਹ ਹੁਣ ਮੈਟਰਿਕ ਤੱਕ ਤਾਂ ਹੈ ਹੀ ਇਸ ਨੂੰ ਕਾਲਜ ਤੱਕ ਲੈ ਜਾਣ ਲਈ ਵੀ ਉੱਦਮ ਕੀਤਾ ਜਾ ਰਿਹਾ ਹੈ। ਨੇੜੇ ਦੇ ਪਿੰਡਾਂ ਵਿਚ ਛੋਟੀਆਂ ਬੱਚੀਆਂ ਲਈ ਆਪਣੇ ਸਕੂਲ ਬਣਵਾਏ ਗਏ ਅਤੇ ਹੋਰ ਬਣਵਾਏ ਜਾਣ ਦੇ ਯਤਨ ਵੀ ਕੀਤੇ ਜਾ ਰਹੇ ਹਨ।

**ਅੰਤਿਕਾ**

ਏਨੇ ਸਾਰੇ ਰੁਝੇਵਿਆਂ ਮੁਹਿੰਮਾਂ ਅਤੇ ਅਨ-ਧਰਮੀਆਂ ਨਾਲ ਤਾਲ ਮੇਲ ਰਖਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਆਨੰਦ ਦੀ ਗੰਗਾ ਵਹਾਂਦੇ, ਬੱਚਿਆਂ ਬਿਰਧਾਂ, ਜਵਾਨਾਂ ਮੁਟਿਆਰਾਂ ਅਤੇ ਵਿਹਾਰੀਂ ਖੁਭੇ ਜੋੜਿਆਂ ਨੂੰ ਧਰਮ ਕਰਮ ਦ੍ਰਿੜਾਂਦੇ ਹੋਏ ਇਕ ਰਸ ਤੁਰੇ ਰਹਿੰਦੇ ਹਨ। ਭਾਵੇਂ ਕਿੰਨੀ ਵੀ ਆਰਾਮਦੇਹ ਮੋਟਰ ਥੱਲੇ ਹੋਵੇ, ਹਵਾਈ ਜਹਾਜ਼ ਕਿੰਨੀ ਵੀ ਤੇਜ਼ ਉਡਾਰੀ ਭਰ ਰਿਹਾ ਹੋਵੇ, ਪਰ ਸਤਿਗੁਰੂ ਜੀ ਦੀ ਕੋਮਲ ਕਾਇਆ ਨੂੰ ਆਰਾਮ ਕਿੱਥੇ ?

ਕਿਸੇ ਥਾਂ ਦਰਸ਼ਨ ਪ੍ਰੇਮੀਆਂ ਦੀਆਂ ਭੀੜਾਂ ਇੰਤਜ਼ਾਰ ਵਿੱਚ ਹਨ, ਕਿਤੇ ਕੋਈ ਉਮਰੋਂ ਪੱਕਿਆ ਬਿਰਧ ਸਤਿਗੁਰਾਂ ਦੇ ਦਰਸ਼ਨ ਅੰਤਮ ਘੜੀਆਂ ਵਿੱਚ ਕਰਨ ਲਈ ਵਿਆਕੁਲ ਹੈ, ਕਿਧਰੇ ਹੋਣੀ ਦੇ ਸ਼ਿਕਾਰ ਹੋਏ ਪੁੱਤਰ ਦੇ ਮਾਪੇ, ਧੀਰਜ ਦੀ ਬਖ਼ਸ਼ਿਸ਼ ਮੰਗਣ ਲਈ ਘਰ ਚਰਨ ਪਾਣ ਦੀ ਅਰਜ਼ੋਈ ਹੰਝੂ ਭਿੱਜੀਆਂ ਅੱਖਾਂ ਨਾਲ ਕਰ ਰਹੇ ਹਨ, ਕੋਈ ਨੌਜ਼ਵਾਨ ਕੰਮ ਕਾਰ ਤੇ ਲਗਣ ਦੀ ਖ਼ੁਸ਼ੀ ਵਿਚ ਜਾਂ ਨਵਾਂ ਕਾਰੋਬਾਰ ਅਰੰਭ ਕਰਨ ਲਈ ਸਾਰੇ ਸੁਖਾਂ ਦਾ ਮੁੱਲ ਸਤਿਗੁਰੂ ਜੀ ਦੇ ਮੰਗਲਕਾਰੀ ਚਰਨਾਂ ਦਾ ਗ੍ਰਹਿ ਪਰਵੇਸ਼ ਮੰਗਦਾ ਹੈ - ਇੰਜ ਪ੍ਰਕਾਸ਼ ਤੇ ਸੁਖ ਦਾ ਸੂਰਜ ਤਾਂ ਇਕ ਦੇਹਧਾਰੀ ਸਤਿਗੁਰੂ ਹੈ, ਪਰ ਉਸ ਦੇ ਦਰਸ਼ਨ ਯਾਚਕਾਂ ਦਾ ਪਾਰਾਵਾਰ ਨਹੀਂ।

ਸਤਿਗੁਰਾਂ ਦਾ ਕੋਡ ਆਫ਼ ਕੰਡਕਟ ਤਾਂ ਗੁਰਬਾਣੀ ਹੈ। ਉਹਨਾਂ ਦਾ ਚਰਿੱਤਰ ਅਜਿਹੀ ਕੁਠਾਲੀ ਵਿਚ ਢਲਿਆ ਹੋਇਆ ਹੈ, ਜਿਸ ਵਿਚ ਆਦਿ ਗ੍ਰੰਥ ਜੀ ਦੀ ਬਾਣੀ ਦੀ ਅਗਨੀ ਪੂਰਵ ਸਤਿਗੁਰੂਆਂ ਦੇ ਆਦਰਸ਼ ਵਾਕਾਂ ਨਾਲ ਤਪਦੀ ਰਹਿੰਦੀ ਹੈ। ਇਸ ਲਈ ਉਹਨਾਂ ਦਾ ਆਪਣਾ ਨੇਮ ਕਰਮ ਕੋਈ ਉਪਰੋਂ ਠੋਸੀ ਮਜ਼ਬੂਰੀ ਨਹੀਂ, ਸਗੋਂ ਸਹਿਜ ਸਭਾਵੀ ਕਿਰਿਆ ਹੈ। ਆਮ ਆਦਮੀ ਨੂੰ ਏਨਾ ਸਤਿਕਾਰ, ਪਿਆਰ ਤੇ ਹਰ ਤਰ੍ਹਾਂ ਦੀ ਮਾਇਆ ਪ੍ਰਾਪਤ ਹੁੰਦੀ ਹੋਵੇ ਤਾਂ ਥਿੜਕਦਿਆਂ-ਵਿਗੜਦਿਆਂ ਦੇਰ ਨਾ ਲਗੇ। ਊਣਾ ਭਾਂਡਾ ਉਪਰੋਕਤ ਸਭ ਕੁਝ ਦੀ ਪ੍ਰਾਪਤੀ ਬਾਅਦ ਹੰਕਾਰ ਦਾ ਸ਼ਿਕਾਰ ਹੋਇਆ ਬੁੱਕਦਾ ਫਿਰੇ, ਪਰ ਏਧਰ ਸਤਿਗੁਰੂ ਹਨ ਇਕ ਆਦਰਸ਼ ਪੁਰਸ਼ ਜੋ ਇਸ ਸਭ ਕੁਝ ਨੂੰ ਇਕ ਪਾਬੰਦ ਜੀਵਨ ਨਾਲ ਭੋਗਦੇ ਨਮਰ ਤੋਂ ਹੋਰ ਨਮਰ ਹੋਈ ਜਾਂਦੇ ਹਰ ਕਿਸੇ ਦੇ ਕੰਮ ਆਉਣ ਲਈ ਦਿਨ ਰਾਤ ਇਕ ਕੀਤੀ ਰਖਦੇ ਹਨ।

ਸਤਿਗੁਰਾਂ ਦੇ ਰੋਜ਼ਾਨਾ ਨੇਮ ਵਿੱਚ ਢਾਈ ਵਜੇ ਅੰਮ੍ਰਿਤ ਵੇਲੇ ਉਠ ਕੇ ਜੰਗਲ ਮੈਦਾਨ ਜਾਣਾ, ਸਕੇਸ਼ ਇਸ਼ਨਾਨ ਕਰਨਾ, ਢਾਈ ਮਾਲਾ ਪੱਕੀਆਂ ਭਜਨ ਕਰਨਾ, ਦਸ ਬਾਣੀਆਂ ਦਾ ਪਾਠ, ਆਸਾ ਦੀ ਵਾਰ ਦਾ ਕੀਰਤਨ ਸੁਣਨਾ-ਕਰਨਾ, ਦਿਨ ਚੜ੍ਹੇ ਮੇਲ-ਮੁਲਾਕਾਤਾਂ, ਦਰਸ਼ਨ ਪਰਸਨ, ਦੁਪਹਿਰ ਦਾ ਇਕ ਘੰਟਾ ਸਮੂਹਕ ਸਿਮਰਨ, ਸ਼ਾਮ ਦਾ ਦੀਵਾਨ, ਬਾਅਦ ਪ੍ਰਬੰਧ ਨਾਲ ਸੰਬੰਧਤ ਵਿਅਕਤੀਆਂ ਨਾਲ ਸਲਾਹ ਮਸ਼ਵਰੇ ਅਤੇ ਰਾਤ ਨੂੰ ੧੦ ਵਜੇ ਤੱਕ ਬਿਰਾਜ ਜਾਣਾ ਆਮ ਕਰਕੇ ਜ਼ਰੂਰੀ ਹੈ। ਵੱਖ ਵੱਖ ਸਮਿਆਂ ਤੇ ਰੋਜ਼ਾਨਾ ਚਾਰ ਇਸ਼ਨਾਨ। ਅਤੇ ਸਾਰੇ ਚਲਦੇ ਪ੍ਰੋਗਰਾਮਾਂ ਵਿਚ ਇਕ ਵੇਲੇ ਪ੍ਰਸ਼ਾਦ ਪਾਣੀ, ਦੂਜੇ ਵੇਲੇ ਫਲੋਹਾਰ ਤੇ ਰਾਤ ਨੂੰ ਛੋਟਾ ਗਿਲਾਸ ਠੰਢੇ ਦੁੱਧ ਦਾ - ਏਨੇ ਕੁ ਆਹਾਰ ਨਾਲ ਔਸਤ ਆਦਮੀ ਨਾਲੋਂ ਕਈ ਗੁਣਾਂ ਵੱਧ ਸਰਗਰਮੀ ਨਾਲ ਜਿਊਣਾ ਇਹ ਸਤਿਗੁਰੂ ਪੁਰਖ ਦਾ ਹੀ ਕੰਮ ਹੈ।

ਗੁਰਬਾਣੀ ਦਾ ਇਹ ਸ਼ਬਦ ਅੱਖਰ ਅੱਖਰ ਸਤਿਗੁਰੂ ਜਗਜੀਤ ਸਿੰਘ ਜੀ ਉਤੇ ਢੁਕਦਾ ਹੈ -

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।
ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ,
ਅਉਗੁਣ ਕੋ ਨ ਚਿਤਾਰੇ
ਪਤਿਤ ਪਾਵਨੁ ਹਰਿ ਬਿਰਦੁ ਸਦਾਏ,
ਇਕੁ ਤਿਲੁ ਨਹੀ ਭੰਨੈ ਘਾਲੇ।

..........................................................

## ਭੁੱਲ ਨਹੀਂ ਸਕਣਾ

**ਮਾ. ਅਮਰੀਕ ਸਿੰਘ**

ਅਪਣੇ ਆਪੇ ਨੂੰ ਭਾਵੇਂ ਮੈਂ ਭੁੱਲ ਜਾਵਾਂ,
ਪਿਆਰ ਤੇਰਾ ਕਦੇ ਵੀ ਭੁੱਲ ਸਕਣਾ ਨਹੀਂ।
ਮੇਰੇ ਅੰਦਰ ਜੋ ਦੀਪਕ ਜਗਾਇਆ ਤੁਸਾਂ,
ਹਸ਼ਰ ਤੀਕ ਵੀ ਹੋ ਗੁੱਲ ਸਕਣਾ ਨਹੀਂ।

ਬਣ ਕੇ ਮਹਿਕਾਂ ਮੇਰੇ ਵਿੱਚ ਸਮਾਏ ਤੁਸੀਂ,
ਮੇਰੇ ਜੀਵਨ ਦਾ ਸਭ ਕੁਝ ਹੀ ਹੋਏ ਤੁਸੀਂ।
ਮੇਰੀ ਆਸਾ ਦਾ ਕਾਸਾ ਲਬਾ ਲਬ ਹੈ ਅੱਜ,
ਊਣਾ ਰਹਿਣਾ ਨਹੀਂ ਡੁਲ੍ਹ ਵੀ ਸਕਣਾ ਨਹੀਂ।

ਮੈਂ ਤਾਂ ਚਾਹੁੰਦਾ ਹਾਂ ਬੈਠੇ ਰਹੋ ਸਾਹਮਣੇ,
ਆਪ ਦੇ ਬਿਨ ਮਨੋ ਭਾਵ ਕਿਸ ਥ੍ਹਾਮਣੇ,
ਪ੍ਰੀਤ ਦੀ ਗੰਢ ਮੇਰੀ ਹੋ ਗਈ ਪੀਚਵੀਂ,
ਏਸ ਦੁਨੀਆਂ ਤੋਂ ਜਿਸ ਖੁੱਲ੍ਹ ਵੀ ਸਕਣਾ ਨਹੀਂ।

ਤੇਰੇ ਕਦਮਾਂ ਦੀ ਤਕਦੀਰ ਦਾਸੀ ਬਣੀ,
ਮੁਕਤੀ ਮੇਰੇ ਲਈ ਅਸਲੋਂ ਹਾਸੀ ਬਣੀ,
ਮੈਨੂੰ ਵਿਸ਼ਵਾਸ਼ ਹੈ ਕਿ ਧਰਮ ਰਾਜ ਨੇ,
ਵਰਕਾ ਲੇਖਾਂ ਦਾ ਇਕ ਥੁੱਲ ਵੀ ਸਕਣਾ ਨਹੀਂ।

ਕੀ ਕਰਾਂ ਮੇਰੇ ਵੱਸ ਦੀ ਨਾ ਗੱਲ ਢੋਲਣਾ,
ਭੇਤ ਦਿਲ ਦਾ ਤੁਸਾਂ ਬਿਨ ਹੈ ਕਿਸ ਖੋਲ੍ਹਣਾ,
ਚਾਹਾਂ ਬਣ ਕੇ ਰੁਮਾਲੀ ਤੇਰੇ ਹਥ ਰਹਾਂ,
ਜਿਸ ਕਦੇ ਖ਼ਾਕ ਵਿੱਚ ਰੁਲ ਵੀ ਸਕਣਾ ਨਹੀਂ।

ਉਹ ਘੜੀ ਬਹੁਤ ਭੈੜੀ ਨ ਆਵੇ ਕਿਤੇ,
ਸੋਹਣੀ ਸੂਰਤ ਮਨੋ ਹਟ ਨ ਜਾਵੇ ਕਿਤੇ,
ਲਗ ਨ ਜਾਏ ਕੋਈ ਦਾਗ਼ 'ਅਮਰੀਕ' ਨੂੰ,
ਜਿਸ ਨੇ ਇਸ ਉਮਰੇ ਫਿਰ ਧੁਲ ਵੀ ਸਕਣਾ ਨਹੀਂ।

..........................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**15 ਅਕਤੂਬਰ 1986**

ਸਾਡੇ ਜਾਂਦਿਆਂ ਨੂੰ ਦਿੱਲੀ ਠੰਢੀ ਹੋ ਗਈ ਸੀ। ਬੱਦਲਵਾਈ, ਸੀਤਲ ਪੌਣ, ਨਿੱਕੀ ਨਿੱਕੀ ਕਣੀ ਦੀ ਫੁਹਾਰ ਜਾਰੀ ਹੋ ਚੁੱਕੀ ਸੀ। ਜਸਵੰਤ ਸਿੰਘ ਆਪਣੇ ਲੜਕੇ ਬਲਵਿੰਦਰ ਸਿੰਘ ਨਾਲ ਬੈਠਾ ਕਿਸੇ ਦਾ ਸੂਟ ਕੱਟ ਰਿਹਾ ਸੀ। ਸਾਡੇ ਬੈਠਣ ਤੇ ਉਸ ਦੱਸਿਆ : ਰਾਤ ਦਾ ਪਰਮਜੀਤ ਸਿੰਘ (ਜਸਵੰਤ ਸਿੰਘ ਦਾ ਦਾਮਾਦ) ਭੈਣੀ ਸਾਹਿਬੋਂ ਆਇਆ ਹੈ। ਉਸਨੂੰ ਸਤਿਗੁਰਾਂ ਬਚਨ ਕੀਤਾ ਹੈ, ਜਿੱਥੇ ਜਾਵੇਂਗਾ, ਮੀਂਹ ਵਰ੍ਹਾਏਂਗਾ। ਪਰਸੋਂ ਅੰਮ੍ਰਿਤਸਰ ਗਿਆ ਸੀ, ਸੱਚਮੁੱਚ ਓਥੋਂ ਦੇ ਲੋਕਾਂ ਦੀ ਤਪਸ਼ ਤੋਂ ਜਾਨ ਖਲਾਸੀ ਹੋਈ, ਸੁਖ ਦਾ ਸਾਹ ਆਇਆ। ਖ਼ੂਬ ਬਰਸਾਤ ਹੋਈ।

ਜਸਵੰਤ ਸਿੰਘ ਨੇ ਅੰਦਰਲੇ ਚਾਅ ਅਧੀਨ ਦੱਸਿਆ: ਸਤਿਗੁਰੂ ਜੀ ਨੇ ਪੰਜ ਛੇ ਦਿਨ ਪਹਿਲਾਂ ਪਰਮਜੀਤ ਸਿੰਘ ਨੂੰ ਮੰਡੀਓਂ ਮੰਗਵਾਇਆ ਅਤੇ ਬਚਨ ਕੀਤਾ : ਪਰਮਜੀਤ ਸਿੰਘ ਜੀ ਤੁਹਾਨੂੰ ਸੱਦਿਆ ਹੈ ਕਿ ਭੈਣੀ ਸਾਹਿਬ ਵੀ ਮੀਂਹ ਬਰਸਾਵੋ। ਪਰਮਜੀਤ ਸਿੰਘ ਨੇ ਦੋਵੇਂ ਹੱਥ ਜੋੜ ਬੇਨਤੀ ਕੀਤੀ : ਦੀਨ ਦਿਆਲ, ਅੱਗ, ਪੌਣ, ਪਾਣੀ, ਧਰਤੀ, ਆਕਾਸ਼ ਤਾਂ ਸਭ ਆਪ ਜੀ ਦੇ ਆਗਿਆਕਾਰ ਹਨ, ਆਪ ਜੀ ਮੈਨੂੰ ਹੁਕਮ ਕਰਦੇ ਹੋ! ਸੱਚੇ ਪਾਤਸ਼ਾਹ ਬੋਲੇ : ਨਹੀਂ ਪਰਮਜੀਤ ਸਿੰਘ ਜੀ, ਆਪ ਭਜਨ ਬਾਣੀ ਵਾਲੇ ਸਾਧੂ ਹੋ, ਕਿਰਪਾ ਕਰੋ। ਪਰਮਜੀਤ ਸਿੰਘ ਨੇ ਅਰਜ਼ ਕੀਤੀ, ਖੰਡਾਂ ਬ੍ਰਹਿਮੰਡਾਂ ਦੇ ਮਾਲਕ ਤਾਂ ਆਪ ਜੀ ਹੋ ਪਰ ਜੇ ਆਪ ਜੀ ਨੇ ਮੈਨੂੰ ਹੀ ਮਾਨ ਬਖਸ਼ਣਾ ਹੈ ਤਾਂ ਅੱਜ ਹੀ ਮੀਂਹ ਵਰ੍ਹ ਜਾਵੇਗਾ ਅਤੇ ਇੱਕ ਘੰਟੇ ਬਾਅਦ ਘਮਾਸਾਨ ਬਰਸਾਤ ਹੋਣ ਲੱਗ ਪਈ।

ਜਸਵੰਤ ਸਿੰਘ ਨੇ ਦੱਸਿਆ ਕਿ ਪਰਮਜੀਤ ਸਿੰਘ ਅੱਜ ਕੱਲ੍ਹ ਮੰਡੀ ਹਿਮਾਚਲ ਵਿੱਚ ਕਥਾ ਕਰ ਰਿਹਾ ਹੈ ਅਤੇ ਭਜਨ ਦੇ ਪ੍ਰਤਾਪ ਨਾਲ ਮੰਡੀ ਦੀ ਸਾਧ ਸੰਗਤ ਉਸਦਾ ਬਹੁਤ ਆਦਰ ਕਰਦੀ ਹੈ। ਉਹ ਕਹਿੰਦਾ ਹੈ : ਮੈਂ ਤਾਂ ਕਥਾ ਯੋਗ ਸਮਝ ਨਹੀਂ ਰੱਖਦਾ, ਸਤਿਗੁਰੂ ਜੀ ਹੀ ਮੇਰੇ ਤੇ ਬਖ਼ਸ਼ਸ਼ ਕਰਦੇ ਹਨ। ਜਦੋਂ ਸਾਧ ਸੰਗਤ ਵਿੱਚ ਬੈਠ ਜਾਂਦਾ ਹਾਂ ਤਾਂ ਸਤਿਗੁਰੂ ਜੀ ਦੀ ਪ੍ਰੇਰੀ ਸਰਸਵਤੀ ਮੇਰੀ ਰਸਨਾ ਤੇ ਆ ਬੈਠਦੀ ਹੈ। ਮੈਂ ਆਪਣੇ ਦਾਮਾਦ ਹਮਰਾਹੀ ਦੇ ਦੋ ਸੂਟ ਲੈ ਕੇ ਘਰ ਆ ਗਿਆ।

**16 ਅਕਤੂਬਰ 1986, ਵੀਰਵਾਰ**
**ਸ੍ਰੀ ਭੈਣੀ ਸਾਹਿਬ**

**ਸਤਿਗੁਰੂ ਯਾਦ ਕਰਦੇ ਹਨ –** ਮੈਂ ਸਵੇਰੇ 7.45 ਦੀ ਗੁਰਦਾਸਪੁਰ ਜਾਣ ਵਾਲੀ ਬੱਸ ਲੈ ਕੇ ਦਿੱਲੀ ਤੋਂ 1.45 ਤੇ ਖੰਨੇ ਆਣ ਉਤਰਿਆ। ਤੁਰੰਤ ਸਮਰਾਲੇ ਵਾਸਤੇ ਬਸ ਮਿਲ ਗਈ। 2.30 ਤੱਕ ਸਮਰਾਲੇ ਪਹੁੰਚ ਗਿਆ। ਏਥੇ, ਸਤਿਜੁਗ ਦੇ ਮੈਨੇਜਰ ਹਰਬੰਸ ਸਿੰਘ ਬਿੱਲੂ ਦਾ ਲੜਕਾ ਕੁਲਵੰਤ ਸਿੰਘ ਬੀ. ਏ. ਪਹਿਲੇ ਸਾਲ ਦਾ ਸਮਾਰਲਾ ਕਾਲਜ ਵਿੱਚ ਵਿਦਿਆਰਥੀ ਬੱਸ ਅੱਡੇ ਤੇ ਮਿਲ ਗਿਆ। ਉਸ ਨਮਸਕਾਰ ਕੀਤੀ ਤੇ ਆਖਿਆ : ਤੁਹਾਨੂੰ ਤਾਂ ਅੱਜ ਸੱਚੇ ਪਾਤਸ਼ਾਹ ਜੀ ਨੇ ਕਿਸੇ ਹੱਥ ਦਿੱਲੀ ਸੁਨੇਹਾ ਭੇਜਿਆ ਹੈ : ਕਵੀ ਜੀ 18 ਅਕਤੂਬਰ ਤੱਕ ਜ਼ਰੂਰ ਭੈਣੀ ਸਾਹਿਬ ਪਹੁੰਚ ਜਾਣ..... ਪਰ ਮੈਂ ਤਾਂ 16 ਨੂੰ ਹੀ ਗੁਰੂ ਚਰਨਾਂ ਵਿੱਚ ਹਾਜ਼ਰ ਹੋ ਜਾਣ ਲਈ ਨੱਠਿਆ ਜਾ ਰਿਹਾ ਹਾਂ।

**ਭੈਣੀ ਸਾਹਿਬ ਵਿਖੇ –** ਭੈਣੀ ਸਾਹਿਬ 4 ਵਜੇ ਪਹੁੰਚਿਆ। ਕੁਝ ਤਬਦੀਲੀਆਂ ਵੇਖੀਆਂ। ਮੇਨ ਰੋਡ ਤੇ ਟ੍ਰੇਡਰਜ਼ ਬੈਂਕ ਦੇ ਸਾਹਮਣੇ ਰੂੜੀ ਦਾ ਟੋਆ ਭਾਵੇਂ ਅੱਛੀ ਤਰ੍ਹਾਂ ਪੂਰਿਆ ਨਹੀਂ ਸੀ ਗਿਆ ਪਰ ਗੰਦੇ ਖੂਹ ਦੁਆਲੇ ਦੀਵਾਰ ਉੱਚੀ ਹੋ ਗਈ ਸੀ ਤੇ ਇੱਕ ਛੋਟਾ ਕਮਰਾ ਬਿਜਲੀ ਯੂਨਿਟ ਲਈ ਬਣ ਗਿਆ ਸੀ।

ਅੱਗੇ ਭੈਣੀ ਸਾਹਿਬ ਤੇ ਰਾਮਦਾਸਪੁਰੇ ਦੇ ਅਰਥਾਤ ਰਾਮਸਰ ਦੇ ਪਾਸੇ 6 ਪੁਲਸੀਏ ਸੀ. ਆਰ. ਪੀ. ਵਾਲੇ ਡਿਊਟੀ ਦੇ ਰਹੇ ਸਨ। ਲੰਮ-ਸਲੰਮੇ ਸੁੱਕੇ ਸਫੈਦੇ ਦੀ ਬੱਲੀ ਨਾਲ ਰਾਹ ਰੋਕ ਲੱਗੀ ਹੋਈ ਸੀ, ਜਿਵੇਂ ਵੱਡੀਆਂ ਸੜਕਾਂ ਤੇ ਪੁਲਿਸ ਵਲੋਂ ਰੋਕਾਂ ਲੱਗੀਆਂ ਹੁੰਦੀਆਂ ਹਨ।

ਮੈਂ ਸਾਮਾਨ ਕਿਸੇ ਦੇ ਘਰ ਰੱਖ, ਦੀਵਾਨ ਵਿੱਚ ਜਾ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਾਧ ਸੰਗਤ ਵਿੱਚ

200 ਸਰੀਰਾਂ ਦਾ ਇਜ਼ਾਫ਼ਾ ਸੀ। ਕੀਰਤਨ ਹੋ ਰਿਹਾ ਸੀ। ਸ੍ਰੀ ਸਤਿਗੁਰੂ ਜੀ ਘੁੱਲੇ ਅਤੇ ਸ਼ੇਰ ਸਿੰਘ ਦਾ ਸਾਥ ਦੇ ਰਹੇ ਸਨ। ਦੀਵਾਨ ਵਿੱਚ ਕਲਕੱਤੇ ਵਾਲੀ ਬੀਬੀ ਜਸਵੰਤ ਕੌਰ ਆਪਣੀ ਪੁੱਤਰੀ ਤੇ ਸੇਵਕਾ ਨਾਲ ਨਜ਼ਰ ਪਈ। ਥਾਈਲੈਂਡ ਦੇ ਸੇਠ ਪਿਆਰਾ ਸਿੰਘ ਤੇ ਬੀਬੀ ਪ੍ਰਕਾਸ਼ ਕੌਰ ਵੀ ਆਏ ਹੋਏ ਸਨ।

ਅਖੰਡ ਪਾਠ ਜਾਰੀ ਹਨ। ਅੱਜਕਲ੍ਹ ਬੀੜਾਂ ਤੋਂ ਪਾਠ ਹੋ ਰਿਹਾ ਹੈ ਗੋਲ ਮੰਦਰ ਵਿੱਚ। ਸੰਤ ਨਗਰ (ਸਰਸਾ) ਅਤੇ ਬੀੜ (ਨਾਭਾ) ਦੇ ਸਿੰਘਾਂ ਤੋਂ ਇਲਾਵਾ ਕੁਛ ਹੋਰ ਪਾਠੀ ਵੀ ਹਨ।

**ਬੀਬੀ ਪ੍ਰਕਾਸ਼ ਨੇ ਦੱਸਿਆ –** ਥਾਈਲੈਂਡ ਦੀਆਂ ਬੀਬੀਆਂ ਬੜੀ ਸੇਵਕ ਬਿਰਤੀ ਵਾਲੀਆਂ ਹੁੰਦੀਆਂ ਹਨ। ਸ਼ਾਮੀਂ ਆਓ ਭਗਤ ਲੰਗਰ ਵਿੱਚ ਸੇਠਣੀ ਪ੍ਰਕਾਸ਼ ਕੌਰ ਸੁਪਤਨੀ ਸੇਠ ਪਿਆਰਾ ਸਿੰਘ ਬਰਤਨ ਮਾਂਜਣ ਦੀ ਸੇਵਾ ਕਰ ਰਹੀ ਸੀ। ਉਸਨੇ ਦੱਸਿਆ ਕਿ ਉਹ ਜਦ ਵੀ ਮੇਲੇ ਦੇ ਮੌਕੇ ਭੈਣੀ ਸਾਹਿਬ ਆਈ ਹੈ। ਬੈਂਕੋਕ ਦੀਆਂ ਬੀਬੀਆਂ ਵਲੋਂ ਚੋਖੀ ਮਾਇਆ ਲਿਆਈ ਹੈ। ਐਤਕਾਂ ਵੀ ਇੱਕ ਲੱਖ ਰੁਪੈ ਤੋਂ ਵੱਧ ਲਿਆਂਦਾ ਹੈ। ਹੁਣ ਬੈਂਕੋਕ ਵਿੱਚ ਸੰਗਤ ਵਲੋਂ ਅੱਸੂ ਦੇ ਮੇਲੇ ਸਮੇਂ ਦਾ ਜਪ ਪ੍ਰਯੋਗ ਹੋ ਰਿਹਾ ਹੈ।

### 17 ਅਕਤੂਬਰ 1986, ਸ਼ੁੱਕਰਵਾਰ
### ਸ੍ਰੀ ਭੈਣੀ ਸਾਹਿਬ

**ਸਰਦਾਰ ਸਿੰਘ ਲਾਂਬੜਾ –** ਆਸਾ ਦੀ ਵਾਰ ਪਿੱਛੋਂ ਸਵੇਰੇ 8 ਵਜੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਡਿਊਢੀ ਨਾਲ ਦੇ ਕਮਰਿਆਂ ਵਿੱਚ। ਇੱਕ ਲੰਮੇ ਕੱਦ, ਟੇਢੀ ਪੱਗ, ਚਿੱਟੀ ਦਾੜ੍ਹੀ ਵਾਲੇ ਛੀਟਕੇ ਸਿੰਘ ਨੇ ਮੱਥਾ ਟੇਕਿਆ। ਗੂੜ੍ਹੇ ਬਾਦਾਮੀ ਰੰਗ ਦਾ ਉਹਦਾ ਪਹਿਰਾਵਾ ਸੀ। ਸ੍ਰੀ ਸਤਿਗੁਰੂ ਜੀ ਨੇ ਨਾਮ ਪੁੱਛਿਆ। ਦੱਸਿਆ ਗਿਆ : ਜੀ ਮੈਂ ਲਾਂਬੜੇ (ਜਲੰਧਰ) ਤੋਂ ਸਰਦਾਰ ਸਿੰਘ ਹਾਂ। ਬੜੀ ਤਮੰਨਾ ਸੀ ਦਰਸ਼ਨਾਂ ਦੀ। ਅਗਲੀ ਸੰਤਾਨ ਦਾ ਜੀ ਨਹੀਂ ਕਰਦਾ ਪਰ ਅਸੀਂ ਤਾਂ ਜੀ ਦਰਸ਼ਨ ਬਿਨਾ ਰਹਿ ਨਹੀਂ ਸਕਦੇ।

ਸਤਿਗੁਰੂ ਜੀ : ਪਿੱਛੋਂ ਕਿੱਥੋਂ ਆਏ ਹੋ?

ਜੀ 46 ਚੱਕ ਲਾਇਲਪੁਰ ਜ਼ਿਲ੍ਹੇ ਵਿੱਚੋਂ।

ਸਿੰਘ ਦੀ ਚਾਲ ਢਾਲ ਤੋਂ ਪਤਾ ਲੱਗਦਾ ਸੀ ਕਿ ਉਹ ਅਸਲ ਦੁਆਬੀਆ ਨਹੀਂ। ਸਤਿਗੁਰੂ ਜੀ ਬਚਨ ਕੀਤਾ : ਤੁਸੀਂ ਜਿੰਨੇ ਪਰਵਾਰ ਲਾਂਬੜੇ ਦੇ ਆਲੇ ਦੁਆਲੇ ਰਹਿੰਦੇ ਹੋ, ਸਾਰੇ ਹੀ ਕਦੇ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਏਥੇ ਆਓ ਤੇ ਮੈਨੂੰ ਮਿਲੋ। ਮੈਂ ਸੌ ਕੰਮ ਛੱਡ ਕੇ ਤੁਹਾਡੇ ਪਾਸ ਆਵਾਂਗਾ।

**ਕੰਵਲਜੀਤ ਸਿੰਘ ਲੰਡਨ –** ਫਿਰ ਇੱਕ ਹੋਰ ਪਰਵਾਰ ਨੂੰ ਦਰਸ਼ਨ ਦਿੱਤੇ। ਇਹ ਵਲਾਇਤ ਵਿੱਚੋਂ ਆਇਆ ਸੀ। ਕਲ੍ਹ ਜਹਾਜ਼ੋਂ ਉਤਰਿਆ ਅੱਜ ਏਥੇ ਪੁੱਜਾ ਹੈ। ਸਾਊਥਾਲ (ਲੰਡਨ) ਦੇ ਸੰਤ ਸਤਬਚਨ ਸਿੰਘ ਦਾ ਲੜਕਾ ਕਵਲਜੀਤ ਸਿੰਘ, ਉਸਦੀ ਪਤਨੀ ਅਤੇ ਬੱਚੇ। ਇਹਨਾਂ ਨਾਲ ਵਲਾਇਤ ਦੀ ਇੱਕ ਹੋਰ ਬੀਬੀ ਸੀ। ਇਹਨਾਂ ਨਾਲ ਕੀ ਬਚਨ ਹੋਏ, ਪਤਾ ਨਹੀਂ। ਮੈਂ ਤੁਰ ਆਇਆ ਸਾਂ।

**ਪੁਸਤਕ ਪਾਠ ਬਾਰੇ –** ਸ਼ੁਰੂ-ਸ਼ੁਰੂ ਵਿੱਚ ਸੰਸ਼ੋਧਤ ਸਤਿਗੁਰੂ ਬਿਲਾਸ ਦਾ ਪਾਠ ਮੈਂ ਕਰਦਾ ਸਾਂ, ਫੇਰ ਸ੍ਰੀ ਸਤਿਗੁਰੂ ਜੀ ਨੇ ਅਸਲ ਕਾਪੀ ਤੋਂ ਪੜ੍ਹਨਾ ਆਰੰਭ ਕੀਤਾ ਤਾਂਕਿ ਕਾਂਟ ਛਾਂਟ ਕਰ ਨਾਲੋਂ-ਨਾਲ ਪਤਾ ਲੱਗਦਾ ਰਹੇ ਅਤੇ ਅੱਜ ਪੜ੍ਹਨ ਦਾ ਕੰਮ ਵੈਦ ਗੁਰਦੇਵ ਸਿੰਘ ਨੇ ਲੈ ਲਿਆ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਉਹ ਤਾਂ ਸਾਡੇ ਵਿਚਾਲੇ ਬੈਠਦੇ ਹਨ ਕਿ ਅਸੀਂ ਲੜ ਨ ਪਾਈਏ। ਅਸੀਂ ਲੇਖਕ ਅਤੇ ਇਤਿਹਾਸਕਾਰ ਦੇ ਨੁਕਤੇ ਤੋਂ ਪੁਸਤਕ ਵੇਖਦੇ ਹਾਂ, ਦੂਜੇ ਸੱਜਣ ਆਪਣੀ ਕਥਾ ਪੁਸਤਕ ਦਾ ਥੋੜ੍ਹਾ ਜਿੰਨਾ ਬਦਲਾਵ ਜਾਂ ਦੁਹਰਾਈ ਦਾ ਹਿੱਸਾ ਕੱਟਣ ਨੂੰ ਤਿਆਰ ਨਹੀਂ। ਦਿਨੇ 3 ਵਜੇ ਦੇ ਆਏ ਹੋਏ ਮਹਾਰਾਜ ਬੀਰ ਸਿੰਘ ਜੀ ਵੀ ਅੱਜ ਦੇ ਸਰੋਤਿਆਂ ਵਿੱਚ ਹਨ।

**ਤੇਜ਼ੀ ਨਾਲ ਤਿਆਰੀ –** ਸੱਚੇ ਪਾਤਸ਼ਾਹ ਜਦੋਂ 69 ਨੰ. ਕਮਰੇ ਵਿੱਚ 6.30 ਵਜੇ ਸ਼ਾਮੀਂ ਸਾਡੇ ਨਾਲ ਬੈਠਣ ਲਈ ਪਧਾਰੇ ਤਾਂ ਆਪ ਜੀ ਨੇ ਦੱਸਿਆ : ਅੱਜ ਤਿਆਰੀ ਲਈ ਕੇਵਲ 20 ਮਿੰਟ ਮਿਲੇ। ਜੰਗਲ ਪਾਣੀ ਜਾ, ਇਸ਼ਨਾਨ ਕਰ ਅਤੇ ਪ੍ਰਸ਼ਾਦ ਪਾਣੀ ਛਕ ਕੇ ਅਗਲੇ ਨਿਸਚਿਤ ਸਮੇਂ ਤੇ ਪਹੁੰਚ ਸਕਿਆਂ।

**ਖਿਡਾਰੀਆਂ ਵੱਲ ਧਿਆਨ –** ਨਾਮਧਾਰੀ ਹਾਕੀ ਟੀਮ ਦਾ ਕੋਚ ਤੇ ਪ੍ਰਬੰਧਕ ਸ. ਰਸ਼ਪਾਲ ਸਿੰਘ ਨੂੰ ਅੱਜ ਸਤਿਗੁਰੂ ਜੀ ਨੇ ਬਚਨ ਕੀਤਾ : ਰਾਤੀਂ ਜਲੰਧਰ ਟੀ. ਵੀ. ਤੇ ਕਿਸੇ ਕੁਮੈਂਟੇਟਰ ਨੇ ਹਾਕੀ ਮੁਕਾਬਲਿਆਂ ਦੇ ਨਤੀਜੇ ਐਲਾਨਦਿਆਂ ਕਿਹਾ ਹੈ ਕਿ ਨਾਮਧਾਰੀ ਹਾਕੀ ਖਿਡਾਰੀਆਂ ਨੇ, ਨਵੀਂ ਟੀਮ ਦੇ ਬਾਵਜੂਦ ਬੜਾ ਕਾਇਦੇ ਨਾਲ ਖੇਡਿਆ ਹੈ। ਦੂਜੇ ਖਿਡਾਰੀਆਂ ਅਤੇ ਟੀਮਾਂ ਨੂੰ ਵੀ ਨਾਮਧਾਰੀ ਹਾਕੀ ਟੀਮ ਦੀ ਟੀਮ ਸਪਿਰਟ ਤੋਂ ਸਿੱਖਿਆ ਲੈਣੀ ਚਹੀਦੀ ਹੈ। ਅਜਿਹੇ ਸਮੇਂ ਜ਼ਰੂਰ ਟੇਪ ਰਿਕਾਰਡ ਦੀ ਵਰਤੋਂ ਕਰਨੀ ਚਾਹੀਦੀ ਹੈ। ਜ਼ਰਾ ਪਤਾ ਲਈ, ਜੇ ਕਿਸੇ ਨੇ ਸੁਰਜੀਤ ਮੈਮੋਰੀਅਲ ਹਾਕੀ ਮੁਕਾਬਲਿਆਂ ਦੇ ਐਲਾਨ ਨੂੰ ਰਿਕਾਰਡ ਕੀਤਾ ਹੋਵੇ ਤਾਂ ਆਪ ਵੀ ਸੁਣੀਂ ਤੇ ਮੈਨੂੰ ਵੀ ਸੁਣਾਈਂ।

**ਚਲਦਾ.........**

# A Saga Of Sri Satguru Jagjit Singh Ji



**Dr. Sharada Jayagovind**

These homes provide love and dignity to the elderly. They are engaged in doing seva and naam simran. They keep themselves busy with work in the langar or garden. Patsha ji would visit the elders' home and spend time with them, talking to them, bringing a smile to their face and even serving them. He would say that this service gave him utmost satisfaction because one does not expect anything in return from such seva.

Once, Patsha ji came to know that a famous Punjabi writer Surjit Khurshidi was not taken care of by his children. Patsha ji invited him to come to Sri Bhaini Sahib and offered to provide him shelter. The writer hesitated and said he was not worthy of Satguru's generosity as he was addicted to drinking. Patsha ji consoled him by saying that he was aware of his weakness and that if he resided in Sri Bhaini Sahib, he would give up the bad habit in due course of time.

Mr. Khurshidi shifted to Sri Bhaini Sahib and was a reformed person. During this phase, he authored two books about Punjabi language. One of the books was Jagjit Kosh, which was dedicated to Sri Satguru Jagjit Singh ji. It is this large heartedness of accepting people as they are and then reforming them which made Patsha ji truly a Satguru.

On another occasion, Patsha ji read in the newspapers that Sardar Gurbaksh Singh Preetlari, a Punjabi novelist, was on his deathbed and needed help. Patsha ji sent his aide with money and medicines to his house and took care of him. Professor Sant Singh Sekhon, a prolific Punjabi writer and Marxist critic too was in need of support in his old age. Patsha ji graciously lent succour. The writer, who was a ripe old man, asked Patsha ji:

"Why are you helping me? I have not done anything for you."

Patsha ji smiled and answered:

"You are serving our mother tongue; I am serving you."

Many writers, artistes and freedom fighters received help from Patsha ji who had, in a way, become an institution by himself. What the government should have done, he did singlehandedly for everyone. He did not help people for name, fame or votes. For him, service was a means to reach God. Sardar Jagjit Singh Anand and Navtej Singh, both writers, were among those who received the love, affection and financial support from Patsha ji.

**Sri Bhaini Sahib and Namdhari Martyr Memorials**

Sri Bhaini Sahib, the holy Gurdwara of Namdhari Sikhs, has a history of strife and struggle. When Satguru Ram Singh ji began to reside on this holy land, it began to attract disciples from all

over the country. Ram Mandir, the langar, the Persian well, Ram Sarovar and Akal Bunga, the meditation rooms of the Satgurus, constituted Sri Bhaini Sahib of those days. After the deportation of Satguru Ram Singh ji to Rangoon in 1872, Satguru Hari Singh ji reigned over the Namdhari sangat and during his period, Sri Bhaini Sahib was a virtual prison under the British Raj.

When Satguru Partap Singh ji ascended the throne in 1906, he began to get the mud structures of the holy village replaced by brick structures. But it was in the 1970s and 80s due to the efforts of Patsha ji that Sri Bhaini Sahib began to grow into a pilgrimage centre with all modern amenities. Patsha ji undertook the renovation of the historic Hari Mandir, Ram Mandir and Ram Sarovar. Mata Chand Kaur ji's role in building these holy structures is remarkable.

Patsha ji got Ram Mandir, the residence of the Satgurus, renovated in the year 2000 and dedicated this monument to the leaders of the Kuka movement. It preserves a precious leaf of Indian history for posterity. The majestic structure consists of the birthplace of Satguru Partap Singh ji and Patsha ji. The room where Mata Bhupinder Kaur ji lived is also well preserved. A rare photograph of Mata Bhupinder Kaur, mother of Patsha ji, decorates the walls of her room. The photograph was taken by Satguru Partap Singh ji a few months before her death.

The walls of the Ram Mandir are decorated with portraits of all Sikh gurus starting from Guru Nanak Dev ji. The meditation room of the Satgurus and the personal belongings of Satguru Ram Singh ji create a spiritual ambience. Patsha ji took personal interest to conserve this piece of history for generations to come. During Patsha ji's time, a park was created with miniature models depicting the events related to the deportation of Satguru Ram Singh ji to Rangoon. It is a major attraction for tourists and students.

The langar with the original loh installed by Satguru Ram Singh ji continues to pacify the hunger of millions who come to Sri Bhaini Sahib. Sevaks rolling out thousands of rotis every day and serving food with humility and respect, uphold the tradition of Atithi Devo Bhava.

Patsha ji paid special attention to the construction of Gol Mandir, the place where Satguru Partap Singh ji merged with the God. Satguru Partap Singh Mandir, the majestic prayer hall, is an architectural wonder. Built in 1980, it is a pillar-less hall which can hold over five thousand people. The hall has seen many great musical events and historic seminars. A new langar hall, quarters for sevaks and residential facilities for pilgrims were also added during Patsha ji's time.

Due to Patsha ji's efforts, Sri Bhaini Sahib was declared a sacred village. There are no liquor or meat shops in the vicinity of this gurdwara. Selling of tobacco in any form is banned. Eateries provide sattvic food. No tea or coffee is served. The government has provided water supply, sanitation and sewage system. There is also a post office, telephone exchange, a dispensary and stadium in this holy place.

Satguru Jagjit Singh ji was an effective leader. He delegated responsibilities to the right people. His choice of persons for carrying out any work was always correct. Surinder Singh Namdhari was the chosen man to execute the work related to procuring licenses and permissions for construction.

***To be continued......***

# ਸੁੱਚੇ ਮੋਤੀ

## ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

19 ਜਨਵਰੀ 1978 ਨਵੀਂ ਦਿੱਲੀ ਵਿਖੇ ...ਨਰਿੰਦਰ ਸਿੰਘ ਮੇਰੇ (ਕਵੀ ਪ੍ਰੀਤਮ ਸਿੰਘ) ਕੋਲ ਆ ਬੈਠਾ। ਉਸ ਨੇ ਆਪ ਬੀਤੀ ਸੁਣਾਈ– ਸਾਡੀ ਦੁਕਾਨ ਭਾਵੇਂ ਲਾਜਪਤ ਰਾਇ ਮਾਰਕਿਟ ਵਿੱਚ ਸੀ ਪਰ ਦਰੀਆਂ, ਖੇਸ ਹੀ ਵੇਚਦਿਆਂ ਮਸਾਂ ਸੌ ਦੋ ਸੌ ਰੁਪੈਆ ਰਾਤ ਤੱਕ ਮਿਲਦਾ। ਮਨ ਨੂੰ ਕੋਈ ਤਸੱਲੀ ਨਹੀਂ ਸੀ। ਇਕ ਦਿਨ ਸਾਡਾ ਇਕ ਲਹਿਣੇਦਾਰ ਆ ਗਿਆ। ਉਸ ਨੂੰ ਸਿਰਫ਼ 2000/- ਦੇਣਾ ਸੀ ਪਰ ਸਾਡੇ ਪਾਸੋਂ ਉਹ ਦੋ ਹਜ਼ਾਰ ਪੂਰਾ ਨਹੀਂ ਸੀ ਹੋ ਰਿਹਾ। ਇਹ ਚੌਥਾ ਇਕਰਾਰ ਸੀ ਜੁ ਉਸ ਅੱਜ ਆਉਣਾ ਸੀ। ਗੱਲ ਸੱਤ ਕੁ ਸਾਲਾਂ ਦੀ ਹੈ। ਮੈਂ (ਮੂੰਹ ਹਨ੍ਹੇਰੇ) ਦੁਕਾਨ ਖੋਲ੍ਹੀ। ਸਾਫ਼ ਸੁਥਰੀ ਕਰਕੇ ਸਤਿਗੁਰੂ ਜੀ ਦੀ ਮੂਰਤੀ ਸਾਹਮਣੇ ਰੱਖ, ਮਨ ਵਿੱਚ ਵਸਾ, ਸੱਚੇ ਦਿਲ ਨਾਲ ਬੇਨਤੀ ਕੀਤੀ– ਸੱਚੇ ਪਾਤਸ਼ਾਹ ਅੱਜ ਨਹੀਂ ਰਹਿੰਦੀ ਜੇ ਦਰਗਾਹੀ ਮਦਦ ਨਾ ਕਰੋ। ਅੱਜ ਭਾਵੇ ਕਿਵੇਂ, ਮੈਨੂੰ 2000/- ਮਿਲਣਾ ਚਾਹੀਦਾ ਹੈ।

"ਜਿਉਂ ਜਿਉਂ ਦਿਨ ਚੜ੍ਹਦਾ ਗਿਆ, ਆਸ ਬੱਝਦੀ ਰਹੀ, ਪਰ ਪੱਲੇ ਕੁਝ ਨਹੀਂ ਸੀ ਪੈ ਰਿਹਾ। ਮੇਰੀਆਂ ਗਿੱਲੀਆਂ ਅੱਖਾਂ ਨਾਲ ਕੀਤੀ ਅਰਦਾਸ, ਮੈਨੂੰ ਯਕੀਨ ਸੀ, ਬਿਰਥੀ ਨਹੀਂ ਜਾਏਗੀ। ਸ਼ਿਕਾਰੀ ਦੇ ਤੀਰ ਥਾਂ ਸਿਰ ਲੱਗੇ ਵਾਂਗ ਮੈਨੂੰ ਆਪਣੀ ਅਰਦਾਸ ਦੇ ਧੁਰ ਦਰਗਾਹੇ ਪਹੁੰਚਣ ਦਾ ਵਿਸ਼ਵਾਸ ਸੀ। ਘੜੀ ਘੰਟੇ ਤੇ ਘੰਟਾ ਕਰਦੀ ਵਕਤ ਲੰਘਾਈ ਜਾ ਰਹੀ ਸੀ, ਪਰ ਦੁਕਾਨਦਾਰੀ ਵਾਲੀ ਗੱਲ ਕੋਈ ਨਾ ਬਣੀ।

"ਦੋ ਵਜੇ ਦੇ ਕਰੀਬ ਦਿੱਲੀ ਦੇ ਜਥੇਦਾਰ ਦਰਸ਼ਨ ਸਿੰਘ ਹੁਰੀਂ ਇਕੱਠਾ ਹੀ ਦੋ ਹਜ਼ਾਰ ਰੁਪੈਆ ਲੈ ਕੇ ਆ ਗਏ। ਕਹਿਣ ਲੱਗੇ– ਸਤਿਗੁਰੂ ਜੀ ਨੇ ਭੇਜਿਆ ਹੈ। ਕਿਹਾ ਨੇ, ਨਰਿੰਦਰ ਨੂੰ ਕਹੋ 50 ਬਿਸਤਰੇ ਤਿਆਰ ਕਰਕੇ ਭੈਣੀ ਸਾਹਿਬ ਭੇਜ ਦੇਵੇ। ਜਿੰਨੇ ਦਾ ਬਿੱਲ ਬਣੇਗਾ ਉਸ ਦਾ ਬਕਾਇਆ ਵੀ ਭੇਜ ਦੇਵਾਂਗੇ। ਦੇਰ ਨਾ ਕਰੇ।

"ਰਕਮ ਅਸਾਂ ਲਹਿਣੇਦਾਰ ਨੂੰ ਦੇ ਦਿੱਤੀ। ਰਾਤ ਤੱਕ ਦੋ ਚਾਰ ਗਾਹਕ ਹੋਰ ਵੀ ਆ ਗਏ ਅਤੇ ਉਸ ਦਿਨ ਤੋਂ ਸਾਡਾ ਕੰਮ ਏਨਾ ਵਧਿਆ ਕਿ ਅੱਜ ਸਰਮਾਏ ਵੱਲੋਂ ਰੱਤੀ ਭਰ ਵੀ ਚਿੰਤਾ ਨਹੀਂ।"

ਸੰਤ ਗੁਰਬਖਸ਼ ਸਿੰਘ ਜੀ ਨੇ ਗੱਲ ਪੂਰੀ ਕੀਤੀ– ਇਕ ਵੇਲਾ ਸੀ ਕਿ ਅਸੀਂ ਆਪਣੀ ਦੁਕਾਨ ਦਾ 1000/- ਰੁਪੈਆ ਮੰਗਦੇ ਸਾਂ ਕਿ ਜੇ ਮਿਲ ਜਾਵੇ ਤਾਂ ਬਾਹਰ, ਪਹਾੜਾਂ ਨੂੰ ਜਾਂ ਦੂਰ ਦਰਾਜ਼ ਨਿਕਲ ਜਾਈਏ, ਪਰ ਹੁਣ ਇਹ ਹਾਲ ਹੈ ਕਿ ਦੋ ਸਾਲ ਪਹਿਲਾਂ ਆਪਣੇ ਨਾਲ ਦੀ ਦੁਕਾਨ ਲੈਣ ਲਈ ਇਕ ਲੱਖ ਰੁਪਿਆ ਆਫ਼ਰ ਕੀਤਾ, ਸੌਦਾ ਨਾ ਬਨਣ ਤੇ ਅਸੀਂ, ਮੇਰੇ ਛੋਟੇ ਭਰਾ ਨੂੰ ਗਾਂਧੀ ਨਗਰ ਵਿੱਚ, ਉਸ ਦੀ ਆਟਾ ਚੱਕੀ ਪੁਟਾ ਕੱਪੜੇ ਦੀ ਦੁਕਾਨ ਪਾਉਣ ਲਈ ਕਿਹਾ। ਸਰਮਾਇਆ ਅਸਾਂ ਲਾ ਦਿੱਤਾ। ਅੱਧੋ-ਅੱਧੀ ਪੱਤੀ ਕਰ ਲਈ। ਅੱਜ ਗਾਂਧੀ ਨਗਰ ਵਿੱਚ ਵੀ ਕਾਰੋਬਾਰ ਨੂੰ ਹੜ੍ਹ ਆ ਗਿਆ ਹੈ।

## ਡਾਲਡਾ ਨਹੀਂ ਦੇਸੀ

ਇਕ ਜ਼ਿਕਰ ਚਲਦਿਆਂ ਹਜ਼ੂਰ ਨੇ ਦੱਸਿਆ– ਲਾਟੋਂ ਵਾਲਿਆਂ ਇਕ ਵਾਰ ਟੂਰਨਾਮੈਂਟ ਕਰਵਾਇਆ ਅਤੇ ਮੇਰੇ ਪਾਸੋਂ ਇਨਾਮ ਵੰਡ ਕਰਵਾਣ ਦਾ ਆਗ੍ਰਿਹ ਕੀਤਾ। ਜਾ ਕੇ ਵੇਖਿਆ ਤਾਂ ਉਹ ਡਾਲਡਾ ਘਿਉ ਦੇ ਪੀਪੇ ਮੇਰੇ ਰਾਹੀਂ ਇਨਾਮ ਦਿਵਾਣਾ ਚਾਹੁੰਦੇ ਸਨ।

ਮੈਂ ਆਖਿਆ, ਮੈਂ ਇਹ ਬਣੌਟੀ ਘਿਉ ਨਹੀਂ ਵੰਡਾਂਗਾ। ਭੈਣੀ ਸਾਹਿਬ ਜਾ ਕੇ ਮੇਰੇ ਖ਼ਰਚੇ ਤੇ ਦੇਸੀ ਘਿਉ ਲੈ ਕੇ ਆਵੋ। ਦੇਸੀ ਘਿਉ ਦੇ ਪੀਪੇ ਹੀ ਇਨਾਮ ਵਿੱਚ ਉੱਤਮ ਖਿਡਾਰੀਆਂ ਨੂੰ ਵੰਡੇ।

**ਸੁਖ਼ਨ-ਏ-ਬੇਅੰਤ ਵਿੱਚੋਂ**

# ਬੱਚਿਆਂ ਦਾ ਪੰਨਾ

## ਖੰਡੂਰ ਵਾਲਾ ਤਪਾ

ਖੰਡੂਰ ਨਗਰ ਵਿੱਚ ਗੁਰੂ ਅੰਗਦ ਦੇਵ ਜੀ ਰਹਿੰਦੇ ਸਨ। ਨਗਰ ਦੇ ਪਾਸ ਇਕ ਸ਼ਿਵਨਾਥ ਨਾਮੀ ਤਪੇ ਦਾ ਡੇਰਾ ਸੀ। ਤਪੇ ਨੇ ਜੰਤਰਾਂ ਮੰਤਰਾਂ ਨਾਲ ਕੁਝ ਸ਼ਕਤੀਆਂ ਪ੍ਰਾਪਤ ਕੀਤੀਆਂ ਸਨ। ਟੂਣੇ ਕਰਣੇ, ਛਾਇਆ, ਭੂਤ ਆਦਿ ਦੇ ਤਵੀਤ ਦੇਣੇ ਇਸਦਾ ਕੰਮ ਸੀ।

ਗੁਰੂ ਅੰਗਦ ਦੇਵ ਜੀ ਦੀ ਸ਼ੋਭਾ ਤੇ ਪ੍ਰਤਾਪ ਵੇਖ ਕੇ ਮਨ ਵਿਚ ਈਰਖਾ ਕਰਨ ਲੱਗਾ। ਇਕ ਵੇਰ ਇਲਾਕੇ ਵਿਚ ਮੀਂਹ ਨਾ ਪਇਆ। ਸਾਰੇ ਪਾਸੇ ਸੋਕਾ ਪੈ ਗਿਆ। ਪਸ਼ੂ ਅਤੇ ਪੰਛੀ ਪਾਣੀ ਤੋਂ ਪਿਆਸੇ ਮਰਨ ਲੱਗੇ। ਲੋਕਾਂ ਦੀਆਂ ਫਸਲਾਂ ਬਿਨਾਂ ਪਾਣੀ ਤੋਂ ਸੁਕ ਗਈਆਂ। ਬਹੁਤ ਸਾਰੇ ਖੂਹ ਵੀ ਸੁੱਕ ਗਏ। ਨਗਰ ਦੇ ਲੋਕ ਇਕੱਠੇ ਹੋ ਕੇ ਤਪੇ ਕੋਲ ਆ ਕੇ ਬੇਨਤੀ ਕਰਨ ਗਏ। ਤਪੇ ਨੂੰ ਮੌਕਾ ਮਿਲ ਗਿਆ, ਉਸਨੇ ਕਿਹਾ ਤੁਸੀਂ ਇਕ ਦੁਨੀਆਦਾਰ ਬੰਦੇ ਨੂੰ ਗੁਰੂ ਮੰਨਦੇ ਹੋ। ਇਸ ਲਈ ਭਗਵਾਨ ਤੁਹਾਡੇ ਨਾਲ ਗੁੱਸੇ ਹੋ ਗਿਆ ਹੈ। ਜਾਓ ਆਪਣੇ ਗੁਰੂ ਨੂੰ ਕਹੋ ਮੀਂਹ ਪਵਾਵੇ। ਨਹੀਂ ਤਾਂ ਇਹ ਨਗਰ ਛੱਡ ਚਲਾ ਜਾਵੇ। ਬਾਅਦ ਵਿੱਚ ਮੈਂ ਮੀਂਹ ਪਵਾ ਦੇਵਾਂਗਾ।

ਇਲਾਕੇ ਦੇ ਲੋਕ ਸਤਿਗੁਰੂ ਜੀ ਕੋਲ ਗਏ। ਤਪੇ ਵਲੋਂ ਕੀਤੀ ਗੱਲ ਦੱਸੀ। ਸਤਿਗੁਰੂ ਜੀ ਬਚਨ ਕੀਤਾ ਮੀਂਹ ਤਾਂ ਉਸ ਪ੍ਰਮਾਤਮਾ ਦੇ ਹੱਥ ਹੈ, ਜਦੋਂ ਉਹ ਚਾਹੇ, ਓਦੋਂ ਹੀ ਪਵੇਗਾ ਪਰ ਜੇ ਉਹ ਆਖਦਾ ਹੈ ਸਾਡੇ ਜਾਣ ਨਾਲ ਮੀਂਹ ਪਵੇਗਾ ਤਾਂ ਅਸੀਂ ਨਗਰ ਛੱਡ ਚਲੇ ਜਾਂਦੇ ਹਾਂ। ਸਤਿਗੁਰੂ ਜੀ ਨਗਰ ਛੱਡ ਚਲੇ ਗਏ। ਹੁਣ ਤਪਾ ਆਪਣੇ ਮੰਤਰ ਪੜ੍ਹ, ਨਾਦ ਵਜਾ ਵਰਖਾ ਲਈ ਯਤਨ ਕਰਨ ਲੱਗਾ ਪਰ ਮੀਂਹ ਨਾ ਪਇਆ। ਲੋਕ ਬਾਰ-ਬਾਰ ਤਪੇ ਕੋਲ ਆਕੇ ਪੁੱਛਦੇ ਮੀਂਹ ਕਦੋਂ ਪਵੇਗਾ? ਤਪਾ ਉਹਨਾਂ ਨੂੰ ਕੋਈ ਜਵਾਬ ਨਾ ਦਿੰਦਾ।

ਬਾਬਾ ਅਮਰਦਾਸ ਜੀ ਆਪਣੇ ਨਗਰ ਬਾਸਰਕੇ ਗਏ ਸਨ ਜਦੋਂ ਵਾਪਿਸ ਆਏ ਤੇ ਵੇਖਿਆ ਸਤਿਗੁਰੂ ਜੀ ਨਗਰ ਵਿਚ ਨਹੀਂ ਹਨ। ਉਹਨਾਂ ਲੋਕਾਂ ਤੋਂ ਪੁੱਛਿਆ ਤੇ ਸਾਰੀ ਗੱਲ ਦਾ ਪਤਾ ਚਲਿਆ। ਬਾਬਾ ਅਮਰਦਾਸ ਜੀ ਨਗਰ ਦੇ ਲੋਕਾਂ ਨੂੰ ਕਿਹਾ ਜੇ ਮੀਂਹ ਚਾਹੁੰਦੇ ਹੋ ਤਾਂ ਤਪੇ ਨੂੰ ਪਕੜ ਕੇ ਬੈਲਾਂ ਮਗਰ ਪਾ ਲਓ ਜਿਥੇ-ਜਿਥੇ ਲੈ ਜਾਓਗੇ ਵਰਖਾ ਹੋਵੇਗੀ। ਬਾਬਾ ਅਮਰਦਾਸ ਦੀ ਗੱਲ ਸੁਣ ਕੇ ਲੋਕ ਤਪੇ ਦੇ ਡੇਰੇ ਵੱਲ ਭੱਜੇ। ਪਿੰਡ ਵਿਚੋਂ ਚੰਗੇ ਬਲਦ ਲੈ ਕੇ ਉਹਨਾਂ ਪਿੱਛੇ ਤਪੇ ਨੂੰ ਬੰਨ ਲਿਆ। ਹੁਣ ਤਪਾ ਪੈਲੀਆਂ ਵਿੱਚ ਬਲਦਾਂ ਪਿਛੇ ਘਸੀਟਦਾ ਫਿਰ ਰਿਹਾ ਸੀ। ਜਿਸ ਵੀ ਕਿਸਾਨ ਦੀ ਜ਼ਮੀਨ ਵਿੱਚ ਬਲਦ ਤਪੇ ਨੂੰ ਲੈ ਕੇ ਜਾਂਦੇ ਮੀਂਹ ਪੈਣਾ ਸ਼ੁਰੂ ਹੋ ਜਾਂਦਾ। ਸਾਰੇ ਪਿੰਡ ਵਿੱਚ ਤਪੇ ਨੂੰ ਬਲਦਾਂ ਪਿੱਛੇ ਘਸੀਟਿਆਂ ਗਿਆ। ਤਪੇ ਦਾ ਸਰੀਰ ਦੀ ਬੋਟੀ-ਬੋਟੀ ਹੋ ਗਿਆ। ਨਗਰ ਵਿੱਚ ਬਹੁਤ ਮੀਂਹ ਪਿਆ। ਸਭ ਲੋਕ ਖੁਸ਼ ਹੋ ਗਏ। ਨਗਰ ਵਾਸੀਆ ਨੇ ਸਤਿਗੁਰੂ ਜੀ ਕੋਲ ਜਾ ਭੁੱਲ ਬਖ਼ਸ਼ਾਈ।

# ਵਿਸ਼ੇਸ਼ ਬੁਲਾਰੇ


ਸ. ਬਲਬੀਰ ਸਿੰਘ ਰਾਜੇਵਾਲ


ਸ. ਸੁਵਰਨ ਸਿੰਘ ਵਿਰਕ


ਸ. ਜਸਵੀਰ ਸਿੰਘ ਡਿੰਪਾ


ਡਾ. ਸੁਰਜੀਤ ਪਾਤਰ


ਡਾ. ਸੁਖਦੇਵ ਸਿੰਘ


ਸ. ਕੁਲਦੀਪ ਸਿੰਘ


ਕਵੀ. ਸਤਨਾਮ ਕੌਮਲ



ਸੰਤ ਨਿਸ਼ਾਨ ਸਿੰਘ


ਹਰਪਾਲ ਸਿੰਘ ਸੇਵਕ


ਗੁਰਲਾਲ ਸਿੰਘ












# ਸੇਵਕ ਕਉ ਸੇਵਾ ਬਨਿਆਈ ॥



# ਮਾਣ - ਸਨਮਾਨ



ਨੀਰਜ ਚੋਪੜਾ



ਸ. ਰਾਜਦੀਪ ਸਿੰਘ (ਖਿਡਾਰੀ)



ਸ੍ਰੀ ਰਵਿੰਦਰ ਪ੍ਰਕਾਸ਼



ਸ. ਜਰਨੈਲ ਸਿੰਘ



ਸ. ਹਰਪਾਲ ਸਿੰਘ ਚੀਮਾ



ਸ. ਨਵਤੇਜ ਸਿੰਘ ਚੀਮਾ

# ਖ਼ਬਰਨਾਮਾ

## ਜਪ-ਪ੍ਰਯੋਗ (ਅੱਸੂ ਦਾ ਮੇਲਾ) 2021

**ਆਸਾ ਦੀ ਵਾਰ ਦਾ ਮਨੋਹਰ ਕੀਰਤਨ, ਹੱਲੇ ਦੇ ਦੀਵਾਨ, ਕਥਾ, ਵਿਦਵਾਨਾਂ ਦੇ ਵਖਿਆਨ, ਸਾਹਿਤਕ, ਰਾਜਨੀਤਕ ਤੇ ਸਮਾਜਿਕ ਸੱਜਣਾਂ ਦੇ ਭਾਸ਼ਣ, ਕਵੀ ਦਰਬਾਰ, ਸਨਮਾਨ ਸਮਰੋਹ, ਪੁਸਤਕਾਂ ਰੀਲੀਜ਼, ਆਨੰਦ ਕਾਰਜ, ਸਾਧਾਰਨ ਪਾਠਾਂ ਦੇ ਭੋਗ।**

ਸ੍ਰੀ ਭੈਣੀ ਸਾਹਿਬ ਜਪੁ ਪ੍ਰਯੋਗ ਦਾ ਮਹਾਨ ਕੁੰਭ ਜਿਥੇ ਹਜ਼ਾਰਾਂ ਦੀ ਗਿਣਤੀ ਵਿੱਚ ਸਾਧ-ਸੰਗਤ ਨੇ ਇਕੱਠੀ ਹੋ ਕੇ ਨਾਮ ਸਿਮਰਨ ਦਾ ਅਭਿਆਸ ਕੀਤਾ ਹੈ। ਜਿਸ ਨਾਮ ਦੀ ਬਹੁਤ ਮਹਿਮਾ ਹੈ, ਜਿਸ ਨਾਲ ਮਨੁੱਖੀ ਮਨ ਸਾਫ਼ ਪਵਿੱਤਰ ਹੋ ਜਾਂਦਾ ਹੈ।

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਸਤਿਗੁਰੂ ਰਾਮ ਸਿੰਘ ਜੀ ਇਕ ਹੁਕਮਨਾਮੇ ਵਿੱਚ ਲਿਖਦੇ ਹਨ- 'ਗੁਰੂ ਸਾਹਿਬ ਅਗੇ ਹਥ ਜੋੜਕੇ ਬੇਨਤੀ ਕਰਕੇ ਹਮੇਸਾ ਨਾਮ, ਦਾਨ, ਇਸਨਾਨ, ਸਿਦਕ ਭਰੋਸਾ, ਗੁਰਮਤਿ ਦਾਨ ਮੰਗਣਾ।' ਗੁਰਬਾਣੀ ਵਿੱਚ ਆਉਂਦਾ ਹੈ।

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥

ਗੁਰਬਾਣੀ ਅਨੁਸਾਰ ਰਾਜਾ ਤਾਂ ਉਹ ਹੈ ਜਿਸਦੇ ਕੋਲ ਨਾਮ ਧਨ ਹੈ। ਉਸ ਦੇ ਸਾਰੇ ਕਾਰਜ ਪੂਰੇ ਹੁੰਦੇ ਹਨ। ਨਾਮ ਜਪਣ ਵਾਲੇ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਹਾਨ ਕਿਰਪਾ ਕੀਤੀ। 1906 ਈ. ਵਿੱਚ ਸਰਹਿੰਦ ਨਹਿਰ ਦੇ ਕੰਢੇ ਤੇ ਕਾਨਿਆਂ ਦੀ ਝੌਂਪੜੀ ਪਾ ਕੇ ਜਪ-ਪ੍ਰਯੋਗ ਦੀ ਆਰੰਭਤਾ ਕੀਤੀ। ਜਦੋਂ ਸਤਿਗੁਰੂ ਜੀ ਨਹਿਰ ਤੇ ਜਾਣ ਲੱਗੇ ਤਾਂ ਮਾਤਾ ਜੀ ਨੇ ਬਚਨ ਕੀਤਾ। "ਤੁਸੀਂ ਤੇ ਪਹਿਲਾਂ ਹੀ ਬਹੁਤ ਤਪ ਕੀਤਾ ਹੋਇਆ ਹੈ।" ਸਤਿਗੁਰੂ ਜੀ ਕਿਹਾ "ਮੈਂ ਬੇਹਾ ਨਹੀਂ ਖਾਣਾ, ਤਾਜ਼ਾ ਖਾਣਾ ਹੈ।" ਗੁਰੂ ਜੀ ਥੱਲੇ ਹੀ ਬਰਾਜਦੇ, ਥੋੜ੍ਹਾ ਛਕਣਾ ਤੇ ਥੋੜ੍ਹਾ ਹੀ ਸੌਣਾ ਪੂਰੇ ਚਾਲੀ ਦਿਨ ਸਤਿਗੁਰੂ ਜੀ ਨੇ ਘੋਰ ਤਪ ਕਰ ਕੇ ਇਸ ਮਹਾਨ ਜਪ-ਪ੍ਰਯੋਗ ਦੀ ਆਰੰਭਤਾ ਕੀਤੀ। ਇਸ ਪ੍ਰਯੋਗ ਦਾ ਘੇਰਾ ਹੁਣ ਪੂਰੇ ਸੰਸਾਰ ਵਿੱਚ ਫੈਲ ਚੁੱਕਾ ਹੈ। ਪਹਿਲਾਂ ਇਹ ਸ੍ਰੀ ਭੈਣੀ ਸਾਹਿਬ ਤੱਕ ਹੀ ਸੀਮਿਤ ਸੀ। ਭਾਵੇਂ ਉਸ ਸਮੇਂ ਪ੍ਰਯੋਗੀਆਂ ਦੀ ਗਿਣਤੀ ਘੱਟ ਸੀ ਪਰ ਇਸ ਪ੍ਰਯੋਗ ਨੂੰ ਸੰਗਤ ਵੱਲੋਂ ਚੰਗਾ ਹੁੰਗਾਰਾ ਮਿਲਿਆ। ਵੱਖ-ਵੱਖ ਥਾਵਾਂ ਦੇ ਨੌਜਵਾਨ ਆ ਕੇ ਇੱਥੇ ਰਹੇ ਤੇ ਪ੍ਰਯੋਗ ਵਿੱਚ ਸ਼ਮੂਲੀਅਤ ਕਰਦੇ। ਇਹ ਜਪ-ਪ੍ਰਯੋਗ ਅੱਜ ਤੱਕ ਨਿਰੰਤਰ ਚੱਲ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਤੇ ਮਹਾਨ ਕਿਰਪਾ ਕੀਤੀ ਹੈ। ਮੌਸਮ ਦੇ ਹਿਸਾਬ ਨਾਲ ਸਾਉਣ ਭਾਦਰੋਂ ਵਾਲਾ ਮੇਲਾ ਹੁਣ ਅੱਸੂ ਦੇ ਮਹੀਨੇ ਹੁੰਦਾ ਹੈ। ਹਰ ਸਾਲ ਇਹ ਮੇਲਾ ਇਕ ਅੱਸੂ ਤੋਂ ਇਕ ਕੱਤਕ ਤੱਕ ਮਨਾਇਆ ਜਾਂਦਾ ਹੈ। ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਸਾਧ ਸੰਗਤ ਸ਼ਾਮਲ ਹੁੰਦੀ ਹੈ।

**13-10-2021** ਅੱਜ ਅੰਮ੍ਰਿਤ ਵੇਲੇ ਹਰ ਰੋਜ਼ ਦੀ ਤਰ੍ਹਾਂ ਤਿੰਨ ਵਜੇ ਜਪੁ ਪ੍ਰਯੋਗ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਜੀ ਨੇ 3:45 ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅੱਜ ਦਾ ਪ੍ਰੋਗਰਾਮ ਬਾਹਰ ਖੁੱਲ੍ਹੇ ਪੰਡਾਲ ਵਿੱਚ ਸੀ। ਅੱਜ 16 ਸਤੰਬਰ ਤੋਂ ਸ਼ੁਰੂ ਹੋਏ ਜਪ-ਪ੍ਰਯੋਗ ਦੀ ਸਮਾਪਤੀ ਦੀ ਅਰਦਾਸ ਹੋ ਗਈ। **ਇਸ ਪ੍ਰਯੋਗ ਵਿੱਚ ਕੁੱਲ ਦੇਸ਼ਾਂ ਦੇ 14,311 ਵਿਅਕਤੀਆਂ ਨੇ ਭਾਗ ਲਿਆ।** ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ, ਸਰਮੁਖ ਸਿੰਘ, ਗੁਰਦਿੱਤ ਸਿੰਘ, ਬਲਵੰਤ ਸਿੰਘ, ਹਰਪ੍ਰੀਤ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਕੀਤਾ। ਚੰਡੀ ਦੀ ਵਾਰ ਦਾ ਪਾਠ ਕਰਨ ਦੇ ਸਮੇਂ ਤੋਂ ਪਹਿਲਾ ਆਸਾ ਦੀ ਵਾਰ ਦੀ ਸਮਾਪਤੀ ਕੀਤੀ ਗਈ।

**ਦਿਨ ਵੇਲੇ ਦੇ ਦੀਵਾਨ-** ਇਸ ਵਾਰੀ ਸਾਰੇ ਜਥੇਦਾਰਾਂ ਨੂੰ ਦੀਵਾਨ ਸਜਾਉਣ ਲਈ ਕੁਝ ਦਿਨ ਪਹਿਲਾਂ ਹੀ ਵਿਸ਼ੇ ਦਿੱਤੇ ਗਏ ਸਨ। ਆਪਣੇ ਵਿਸ਼ੇ ਅਨੁਸਾਰ ਹੀ ਜਥੇਦਾਰਾਂ ਨੇ ਦੀਵਾਨ ਸਜਾਉਣੇ ਸੀ। ਇਹ ਇੱਕ ਨਿਵੇਕਲੀ ਪਹਿਲ ਸਤਿਗੁਰੂ ਜੀ ਵੱਲੋਂ ਕੀਤੀ ਗਈ ਹੈ। ਦੀਵਾਨਾਂ ਵਿਚ ਸਭ ਤੋਂ ਪਹਿਲਾਂ **ਜਥੇ. ਕੁਲਦੀਪ ਸਿੰਘ** ਜੀ ਦਾਤੇਵਾਲ, **ਜਥੇ. ਬਲਦੇਵ ਸਿੰਘ** ਲੁਧਿਆਣਾ ਨੇ ਆਪਣੇ ਦਿੱਤੇ ਹੋਏ ਪ੍ਰਕਰਣਾ ਉੱਤੇ ਦੀਵਾਨ ਲਾਇਆ। **ਜਥੇ. ਪਿਆਰਾ ਸਿੰਘ** ਸ੍ਰੀ ਭੈਣੀ ਸਾਹਿਬ ਨੇ 'ਕਰਣ ਕਾਰਨ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥' ਦੀ ਟੇਕ ਲੈ ਕੇ ਹੱਲੇ ਦਾ ਦੀਵਾਨ ਸਜਾਇਆ। **ਜਥੇ. ਬਲਬੀਰ ਸਿੰਘ** ਸ੍ਰੀ ਭੈਣੀ ਸਾਹਿਬ ਦਾ ਵਿਸ਼ਾ 'ਪਰਤੀਤ' ਸੀ। **ਜਥੇ. ਬਿਹਾਰਾ ਸਿੰਘ** ਯਮੁਨਾਨਗਰ ਨੇ 'ਨਾਮ' ਬਾਰੇ ਵਿਖਿਆਨ ਕੀਤਾ। ਉਪਰੰਤ **ਸੂਬਾ ਸੰਦੀਪ ਸਿੰਘ**

**ਕਰੀਵਾਲ** ਨੇ 'ਮਰਿਆਦਾ- ਸੁੱਚ, ਸੋਧ ਅਤੇ ਪਹਿਰਾਵਾ' ਬਾਰੇ ਦਸਦਿਆਂ ਸਾਧ-ਸੰਗਤ ਨੂੰ ਨਿਹਾਲ ਕੀਤਾ। ਸ੍ਰੀ ਸਤਿਗੁਰੂ ਜੀ ਨੇ ਦੀਵਾਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ।

**ਨਿਤਨੇਮ ਤੇ ਕੀਰਤਨ –** ਦੁਪਹਿਰ 2 ਵਜੇ ਨਿਤਨੇਮ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਨਿਤਨੇਮ ਤੋਂ ਬਾਅਦ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਕੀਤਾ। ਰਾਤ ਦੇ ਦੀਵਾਨਾਂ ਬਾਰੇ ਦੱਸਿਆ ਗਿਆ।

**ਰਾਤ ਦੇ ਦੀਵਾਨ–** ਸਭ ਤੋਂ ਪਹਿਲਾਂ **ਜਥੇ. ਕਿਰਪਾ ਸਿੰਘ ਜੀ** ਸ੍ਰੀ ਭੈਣੀ ਸਾਹਿਬ ਨੇ 'ਨਿਰਗੁਣੀਆਰੇ ਪਾਲਦਾ ਭਾਈ', **ਜਥੇ. ਗੁਰਚਰਨ ਸਿੰਘ ਮੁਹਾਵਾ** 'ਹਕੁ ਪਰਾਇਆ ਨਾਨਕਾ', **ਜਥੇ. ਅਮਰੀਕ ਸਿੰਘ** ਸ੍ਰੀ ਭੈਣੀ ਸਾਹਿਬ 'ਹੁਕਮਿ ਰਜਾਈ ਜੋ ਚਲੈ', **ਜਥੇ. ਸੁਖਵੰਤ ਸਿੰਘ ਮੁਹਾਵਾ** ਨੇ 'ਜਿਨ ਪ੍ਰੇਮੁ ਕੀਓ' ਦੀ ਟੇਕ ਲਈ। ਜਥੇਦਾਰਾਂ ਨੇ ਗੁਰਬਾਣੀ ਸਿਧਾਂਤ ਸਤਿਗੁਰੂ ਜੀ ਤੇ ਗੁਰ ਸਿੱਖਾਂ ਦੀਆਂ ਸਾਖੀਆਂ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**14–10–2021 ਮੇਲੇ ਦਾ ਦੂਸਰਾ ਦਿਨ**

ਅੱਜ ਮੇਲੇ ਦਾ ਦੂਸਰਾ ਦਿਨ ਸੀ। ਬਾਹਰ ਨਵੇਂ ਬਣੇ ਪੰਡਾਲ ਵਿਚ **ਭਿੰਨੀ ਰੈਨੜੀਐ ਚਾਮਕਨਿ ਤਾਰੇ॥** ਸ਼ਬਦ ਦੀ ਟੇਕ ਲੈ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਤੰਤੀ ਸਾਜ਼ਾਂ ਦੇ ਨਾਲ ਹਜ਼ੂਰੀ ਰਾਗੀ ਸਿੰਘਾਂ ਨੇ ਗਾਇਨ ਕੀਤਾ।

**ਸਰਦਾਰ ਸਵਰਨ ਸਿੰਘ ਵਿਰਕ** ਨੇ ਵਾਰ ਦੇ ਭੋਗ ਤੋਂ ਬਾਅਦ ਮਾਈਕ ਤੇ ਆਣ ਕੇ ਆਖਿਆ ਕਿ ਮੈਂ ਪਿਛਲੇ ਗੁਜ਼ਰੇ ਦਿਨ ਭਦੌੜ ਗਿਆ ਸੀ। ਜਿੱਥੇ ਪੰਜਾਬੀ ਦੇ ਸਾਹਿਤਕਾਰ ਰਾਮ ਸਰੂਪ ਰਿਖੀ ਦੀ ਕਿਤਾਬ ਦਾ ਵਿਮੋਚਨ ਸੀ। ਜਿਸ ਵਿਚ ਰਾਗੀ ਭਾਈ ਪ੍ਰੇਮ ਸਿੰਘ ਭਦੌੜ ਦਾ ਜ਼ਿਕਰ ਸੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਦੇ ਰਾਗੀ ਸਿੱਖ ਸਨ। ਵਿਰਕ ਜੀ ਕਿਹਾ ਭਦੌੜ ਸਿੱਖਾਂ ਦੀ ਰਿਆਸਤ ਵੀ ਸੀ। ਇਹ ਪਟਿਆਲੇ ਤੋਂ ਪਹਿਲਾਂ ਰਿਆਸਤ ਬਣ ਗਈ ਸੀ। ਆਲਾ ਸਿੰਘ ਜਿਸ ਨੇ ਪਟਿਆਲਾ ਰਿਆਸਤ ਬਣਾਈ ਸੀ ਉਸਦੇ ਭਰਾ ਦੂਣੇ ਨੇ ਇਸ ਨੂੰ ਆਪਣੀ ਰਿਆਸਤ ਬਣਾਇਆ। ਇਨ੍ਹਾਂ ਦਾ ਇੱਕ ਭਰਾ ਬਖਤੂ ਮਲੌਦ ਦਾ ਸੀ। ਨਾਮਧਾਰੀ ਸਿੰਘਾਂ ਨੇ ਜਦੋਂ ਮਲੇਰਕੋਟਲੇ ਹਮਲਾ ਕੀਤਾ ਤਾਂ ਉਸ ਬਾਰੇ ਇਹ ਵੀ ਸਰਕਾਰੀ ਰਿਕਾਰਡ ਵਿੱਚ ਹੈ ਕਿ ਰਾਏਕੋਟ ਵਾਲੇ ਸਿੰਘਾਂ ਨੂੰ ਸ਼ਹੀਦ ਕਰਨ ਵਿਚ ਪਟਿਆਲਾ ਰਿਆਸਤ ਦਾ ਪੂਰਾ ਹੱਥ ਸੀ। ਇਸ ਲਈ ਸਿੰਘਾਂ ਮਲੌਦ ਤੇ ਹਮਲਾ ਕੀਤਾ ਕਿਉਂਕਿ ਇਹ ਆਲਾ ਸਿੰਘ ਪਟਿਆਲੇ ਵਾਲੇ ਦੇ ਭਰਾ ਦੀ ਰਿਆਸਤ ਸੀ। ਇਸ ਤਰ੍ਹਾਂ ਦੀਆਂ ਕੜੀਆਂ ਵੀ ਸਰਕਾਰ ਜੋੜਦੀ ਹੈ। ਭਦੌੜ ਦੀ ਗੱਲ ਕਰੀਏ ਤਾਂ ਦੋ ਨਾਮ ਸਾਡੇ ਸਾਹਮਣੇ ਆਉਂਦੇ ਹਨ। ਇੱਕ ਭਾਈ ਪ੍ਰੇਮ ਸਿੰਘ ਭਦੌੜ ਤੇ ਦੂਜਾ ਸ. ਅਤਰ ਸਿੰਘ ਭਦੌੜ ਦੋਵੇਂ ਹੀ ਵੱਖ ਵੱਖ ਧਰਾਵਾਂ ਦੇ ਪਾਂਧੀ ਸਨ। ਸ. ਅਤਰ ਸਿੰਘ ਭਦੌੜ ਸਰਕਾਰ ਨੂੰ ਖੁਸ਼ ਕਰਨ ਲਈ ਕੂਕਿਆਂ ਦੀ ਮੁਖ਼ਬਰੀ ਕਰਦਾ ਸੀ। ਇਸ ਲਈ ਉਸ ਨੇ ਸ੍ਰੀ ਭੈਣੀ ਸਾਹਿਬ ਵੀ ਆਪਣਾ ਖੁਫ਼ੀਆ ਤੰਤਰ ਸਥਾਪਿਤ ਕੀਤਾ। ਜੋ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਜਾਣ ਤੋਂ ਬਾਅਦ ਡੇਰੇ ਦੀ ਸੂਹ ਰੱਖਦਾ ਸੀ। ਮਾਈ ਕਰਮੋ ਲੋਹਗੜ, ਠਾਕੁਰ ਸਿੰਘ ਸੰਢੋਰਾ ਅਤੇ ਈਸ਼ਰ ਸਿੰਘ ਨੂੰ ਪੰਜ ਤੋਂ ਸੱਤ ਰੁਪੱਈਏ ਇਹ ਤਨਖ਼ਾਹ ਵੀ ਦੇਂਦਾ, ਜੋ ਸ੍ਰੀ ਭੈਣੀ ਸਾਹਿਬ ਦੀਆਂ ਸਾਰੀਆਂ ਖਬਰਾਂ ਅਤੇ ਸਤਿਗੁਰੂ ਜੀ ਦੇ ਹੁਕਮਨਾਮਿਆਂ ਦੀਆਂ ਨਕਲਾਂ ਇਸ ਕੋਲ ਪਹੁੰਚਾਉਂਦੇ ਸੀ। ਇਹ ਅਤਰ ਸਿੰਘ ਉਨ੍ਹਾਂ ਹੁਕਮਨਾਮਿਆਂ ਨੂੰ ਅੰਗਰੇਜ਼ੀ ਵਿਚ ਟਰਾਂਸਲੇਟ ਕਰ, ਪੰਜਾਬ ਦੇ ਲਾਟ ਨੂੰ ਭੇਜ ਦੇਂਦਾ। ਅਤਰ ਸਿੰਘ ਬਾਅਦ ਵਿੱਚ ਲੁਧਿਆਣੇ ਆ ਗਾਇਆ। ਇੱਥੇ ਉਸ ਨੇ ਭਦੌੜ ਹਾਊਸ ਬਣਾਇਆ। ਇਸ ਦੇ ਮੁਕਾਬਲੇ ਤੇ ਦੂਜੇ ਪਾਸੇ ਭਦੌੜ ਦੇ ਸੱਤ ਪੁਰਖੀ ਦਾ ਜ਼ਿਕਰ ਆਉਂਦਾ ਹੈ। ਭਾਈ ਪ੍ਰੇਮ ਸਿੰਘ ਜੋ 1862 ਦੇ ਨੇੜੇ ਤੇੜੇ ਸਿੱਖ ਬਣਦੇ ਹਨ। ਇਹ ਭਾਈ ਪ੍ਰੇਮ ਸਿੰਘ ਪਹਿਲਾਂ ਭਦੌੜ ਦੇ ਸਰਦਾਰ ਅਚਲ ਸਿੰਘ ਦੇ ਦਰਬਾਰੀ ਰਾਗੀ ਸਨ। ਜਦੋਂ ਸਿੱਖ ਬਣ ਗਏ ਤਾਂ ਬਾਅਦ ਵਿੱਚ ਸਰਦਾਰ ਕੋਲ ਕੀਰਤਨ ਕਰਨ ਨਹੀਂ ਗਏ; ਕਿਹਾ ਮੈਂ ਸੱਚੀ ਸਰਕਾਰ ਦੀ ਨੌਕਰੀ ਕਰ ਲਈ ਹੁਣ ਝੂਠੀ ਦੀ ਨਹੀਂ ਕਰਨੀ। ਜੋ ਕੀਰਤਨ ਦੀ ਭੇਟਾ ਵਜੋਂ ਸਰਦਾਰ ਨੇ ਜ਼ਮੀਨ ਦਿੱਤੀ ਸੀ, ਉਹ ਵੀ ਵਾਪਸ ਕਰ ਦਿੱਤੀ। ਮੇਲਿਆਂ ਤੇ ਜਿਹੜੀਆਂ ਰਾਗੀਆਂ ਦੀਆਂ ਜੋੜੀਆਂ ਕੀਰਤਨ ਕਰਦੀਆਂ ਸਨ। ਉਨ੍ਹਾਂ ਵਿਚ ਰਾਗੀ ਪ੍ਰੇਮ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਕਿਰਪਾਲ ਸਿੰਘ ਦੀ ਜੋੜੀ ਵੀ ਸੁਪ੍ਰਸਿੱਧ ਸੀ। ਭਾਈ ਪ੍ਰੇਮ ਸਿੰਘ ਦੇ ਤਿੰਨ ਪੁੱਤਰ ਸਨ। ਕਿਰਪਾਲ ਸਿੰਘ ਨਿਹਾਲ ਸਿੰਘ ਹਰਨਾਮ ਸਿੰਘ। ਲੁਧਿਆਣੇ ਦੇ ਪੁਲਸ ਕਪਤਾਨ ਦੀ ਰਿਪੋਰਟ ਵਿੱਚ ਜ਼ਿਕਰ ਆਉਂਦਾ ਹੈ, ਇਹ ਤਿੰਨੇ ਭਰਾ ਜਦੋਂ ਤਾਊਸ ਅਤੇ ਤਬਲਾ ਵਜਾ ਕੀਰਤਨ ਕਰਦੇ ਹਨ, ਉਸ ਸਮੇਂ ਕੂਕੇ ਰੰਗ ਵਿੱਚ ਆ ਜਾਂਦੇ ਹਨ ਤੇ ਸਾਡੀ ਸਰਕਾਰ ਖ਼ਿਲਾਫ਼ ਕਾਰਵਾਈਆਂ ਲਈ ਵਿਉਂਤਾਂ ਬਣਾਉਂਦੇ ਹਨ। ਇਨ੍ਹਾਂ ਰਾਗੀਆਂ ਨੂੰ ਅੰਗਰੇਜ਼ੀ ਸਰਕਾਰ ਨੇ ਨਜ਼ਰ ਬੰਦ ਵੀ

ਕੀਤਾ। ਧੰਨਾ ਸਿੰਘ ਗੁੰਮਟੀ ਲਾਲ ਸਿੰਘ ਦਾ ਪੁੱਤਰ ਤੇ ਕਿਰਪਾਲ ਸਿੰਘ ਨੇ ਵਿਉਂਤ ਬਣਾਈ ਸਤਿਗੁਰੂ ਰਾਮ ਸਿੰਘ ਦੇ ਰੰਗੂਨ ਦਰਸ਼ਨ ਕਰ ਕੇ ਆਈਏ। ਕਿਰਪਾਲ ਸਿੰਘ ਨੇ ਘਰਦੀ ਦੇ ਗਹਿਣੇ ਅਤੇ ਘੋੜੀ ਵੇਚ ਕਰਾਇਆ ਤਿਆਰ ਕੀਤਾ। ਸਤਿਗੁਰੂ ਹਰੀ ਸਿੰਘ ਜੀ ਕੋਲੋਂ 24 ਅਰਦਾਸਾਂ ਜੋ ਡੇਰੇ ਦੇ ਕਾਰ ਵਿਹਾਰਾਂ ਨਾਲ ਸਬੰਧਿਤ ਸੀ ਅਤੇ ਕੁਝ ਹੋਰ ਵਸਤਾਂ ਲੁਕਾ ਕੇ ਲੈ ਗਏ। ਵਿਰਕ ਜੀ ਨੇ ਕਿਹਾ ਇਨ੍ਹਾਂ ਸਿੱਖਾਂ ਦੀਆਂ ਵੱਡੀਆਂ ਕੁਰਬਾਨੀਆਂ ਹਨ। ਜਿਨ੍ਹਾਂ ਨੇ ਸਿੱਖੀ ਨੂੰ ਨਿਭਾਉਂਦਿਆਂ ਹੋਇਆਂ ਆਪਣਾ ਜੀਵਨ ਬਸ਼ਰ ਕੀਤਾ।

**ਦਿਨ ਵੇਲੇ ਦੇ ਦੀਵਾਨ**- **ਜਥੇ. ਜਸਵੰਤ ਸਿੰਘ** ਸ੍ਰੀ ਭੈਣੀ ਸਾਹਿਬ ਨੇ ਆਪਣੇ ਵਿਸ਼ੇ 'ਰਾਮ ਬਿਓਗੀ ਨਾ ਜਿਐ', **ਸੂਬਾ ਨਰੰਜਣ ਸਿੰਘ ਟਮਕੌਡੀ** 'ਦਾਨ ਤੇ ਦਸਵੰਧ', **ਸੂਬਾ ਅਜੀਤ ਸਿੰਘ ਬਟਾਲਾ** 'ਸੇਵਕ ਕਉ ਨਿਕਟੀ ਹੋਇ ਦਿਖਾਵੈ', **ਜਥੇ. ਸੁਰਜੀਤ ਸਿੰਘ ਮੁਸਤਫਾਪੁਰ** 'ਸਦ ਬਖਸਿੰਦੁ ਸਦਾ ਮਿਹਰਵਾਨਾ', **ਜਥੇ. ਜਸਵਿੰਦਰ ਸਿੰਘ ਭਿੰਡਰ** ਹੁਰਾਂ ਨੇ 'ਸਮਾਜ ਅਤੇ ਨਸ਼ੇ', **ਜਥੇ. ਨਿਸ਼ਾਨ ਸਿੰਘ ਦਿੱਲੀ** 'ਅਰਦਾਸ' ਦੇ ਵਿਸ਼ੇ ਉੱਪਰ ਦੀਵਾਨ ਲਾਇਆ। ਸਾਰੇ ਜਥੇਦਾਰਾਂ ਨੇ ਆਪਣੇ-ਆਪਣੇ ਵਿਸ਼ੇ ਉੱਤੇ ਖੋਜ ਭਰਪੂਰ ਵਿਖਿਆਣ ਕੀਤੇ। ਦੀਵਾਨ ਤੋਂ ਬਾਅਦ **ਸ. ਸੁਵਰਨ ਸਿੰਘ ਵਿਰਕ** ਨੇ **ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੀ ਨਵੀਂ ਛਪੀ ਪੁਸਤਕ 'ਸੰਗਰਾਮੀ ਚਿਹਰੇ ਮੇਰੇ ਇਤਿਹਾਸਿਕ ਲੇਖ'** ਬਾਰੇ ਦੱਸਿਆ। ਇਸ ਪੁਸਤਕ ਵਿੱਚ ਵਡਮੁੱਲੀ ਸਮੱਗਰੀ ਹੈ। ਨਾਮਧਾਰੀ ਪੰਥ ਦੇ ਇਤਿਹਾਸ ਦੀ ਖੋਜ ਭਰਪੂਰ ਜਾਣਕਾਰੀ ਉਪਲੱਬਧ ਹੈ। ਦੂਸਰੀ ਪੁਸਤਕ **'ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ' ਸੰਪਾਦਕ ਡਾ. ਸੁਖਦੇਵ ਸਿੰਘ ਸਿਰਸਾ** ਦੀ ਸੀ। ਇਸ ਕਿਤਾਬ ਬਾਰੇ ਵੀ ਸੁਵਰਨ ਸਿੰਘ ਵਿਰਕ ਨੇ ਜਾਣਕਾਰੀ ਦਿੱਤੀ। ਇਹ ਦੋਨੋਂ ਪੁਸਤਕਾਂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀਆਂ ਗਈਆਂ। ਸ੍ਰੀ ਸਤਿਗੁਰੂ ਜੀ ਨੇ ਦੋਨਾਂ ਪੁਸਤਕਾਂ ਨੂੰ ਆਪਣੇ ਕਰ ਕਮਲਾਂ ਦੇ ਨਾਲ ਰਿਲੀਜ਼ ਕੀਤਾ।

**ਡਾ ਸੁਖਦੇਵ ਸਿੰਘ ਸਿਰਸਾ**- ਨੇ ਬੋਲਦਿਆ ਹੋਇਆ ਆਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਵਾਰ-ਵਾਰ ਆਉਂਦਾ ਹੈ ਕਿ ਤੁਸੀਂ ਬੱਚੇ ਬੱਚੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ। ਸਤਿਗੁਰੂ ਰਾਮ ਸਿੰਘ ਜੀ ਦੇ ਇਸ ਹੁਕਮਨਾਮੇ ਦਾ ਅਸਰ ਅਸੀਂ ਡਾ. ਅੰਬੇਦਕਰ ਜੀ ਦੇ ਬੋਲਾਂ ਵਿੱਚ ਵੀ ਸਮਝ ਸਕਦੇ ਹਾਂ। ਉਹ ਕਹਿੰਦੇ ਹਨ ਗਿਆਨ ਹੀ ਸਾਨੂੰ ਆਜ਼ਾਦ ਕਰ ਸਕਦਾ ਹੈ। ਦੂਜਾ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਤੋਂ ਸੇਵਾ ਕਰਨ ਦੀ ਸਿੱਖਿਆ ਮਿਲਦੀ ਹੈ। ਨਾਮਧਾਰੀਆਂ ਨੂੰ ਸੇਵਾ ਦੀ ਦਾਤ ਵਿਰਸੇ ਵਿੱਚੋਂ ਮਿਲੀ ਹੈ। ਦੁਨੀਆਂ ਭਰ ਵਿੱਚ ਲੰਗਰਾਂ ਦੀ ਗੱਲ ਕਰੀਏ ਤਾਂ ਇਸ ਦਾ ਕਰੈਡਿਟ ਸਿਹਰਾ ਸਿੱਖ ਸੰਪਰਦਾਵਾਂ ਨੂੰ ਜਾਂਦਾ ਹੈ। ਅੱਜ ਸਾਰਾ ਸੰਸਾਰ ਸਿੱਖ ਸਮਾਜ ਦੀ ਸਿਫ਼ਤ ਕਰਦਾ ਹੈ। ਇਸ ਸੇਵਾ ਨੂੰ ਨਾਮਧਾਰੀਆਂ ਨੇ ਜਿਸ ਤਰ੍ਹਾਂ ਨਿਭਾਇਆ ਹੈ ਇਹ ਵੇਖ ਇਹਨਾਂ ਅੱਗੇ ਸਿਰ ਝੁਕ ਜਾਂਦਾ ਹੈ। ਇਨ੍ਹਾਂ ਦਾ ਸੰਗੀਤ ਨਾਲ ਬਹੁਤ ਪਿਆਰ ਹੈ। ਇਸ ਦਰਬਾਰ ਵਿੱਚ ਘੰਟਿਆਂ ਬੱਧੀ ਸੰਗੀਤ ਚੱਲਦਾ ਰਹਿੰਦਾ ਹੈ। ਨਾਮ ਸਿਮਰਨ ਦੀ ਪਰੰਪਰਾ ਵੀ ਇਨ੍ਹਾਂ ਨਾਮਧਾਰੀਆਂ ਦੇ ਹਿੱਸੇ ਆਈ ਹੈ। ਨਾ-ਮਿਲਵਰਤਨ ਦੀ ਲਹਿਰ ਵੀ ਇੱਥੋਂ ਹੀ ਸ਼ੁਰੂ ਹੋਈ। ਪੁਸਤਕ ਦੀ ਰੂਪ ਰੇਖਾ ਬਾਰੇ ਦਸਦਿਆਂ ਡਾ. ਸਾਹਿਬ ਨੇ ਕਿਹਾ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਦਿਹਾੜਾ ਭਾਰਤ ਸੰਸਾਰ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਵਿੱਚ ਸੈਮੀਨਾਰਾਂ ਦੇ ਰੂਪ ਵਿੱਚ ਮਨਾਇਆ ਗਿਆ। ਇੱਕ ਵੱਡਾ ਸੈਮੀਨਾਰ ਦਿੱਲੀ ਵਿਗਿਆਨ ਭਵਨ ਵਿੱਚ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਖੋਜ ਭਰਪੂਰ ਪੇਪਰ ਪੜ੍ਹੇ ਗਏ। ਉਹ ਸਾਰੇ ਇਸ ਕਿਤਾਬ ਵਿੱਚ ਸ਼ਾਮਲ ਹਨ। ਉਨ੍ਹਾਂ ਸੰਤ ਸੁਰਿੰਦਰ ਸਿੰਘ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਵੱਡੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦਿਨ-ਰਾਤ ਇੱਕ ਕਰ ਦਿੱਤਾ ਸੀ। ਬਹੁਤ ਸਾਰੇ ਮੁੱਲਵਾਨ ਵਿਚਾਰ ਕਿਤਾਬ ਵਿੱਚ ਸਾਂਝੇ ਗਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਸਾਡਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਾਨੂੰ ਇਸ ਨੂੰ ਸਾਂਭਣ ਦੀ ਜ਼ਰੂਰਤ ਹੈ। ਇਸ ਕੰਮ ਵਾਸਤੇ ਸਾਨੂੰ ਤੁਹਾਡੇ ਸਹਿਯੋਗ ਦੀ ਜ਼ਰੂਰਤ ਹੈ। ਸਤਿਗੁਰੂ ਜੀ ਦੇ ਇਹ ਬਚਨ ਮੇਰੇ ਹਿਰਦੇ ਵਿਚ ਵੱਸ ਗਏ। ਉਨ੍ਹਾਂ ਦੇ ਇਸ ਪਿਆਰ ਭਰੇ ਸ਼ਬਦਾਂ ਨੇ ਮੈਨੂੰ ਇਸ ਪਾਸੇ ਖਿੱਚ ਕੇ ਲੈ ਆਂਦਾ। ਉਨ੍ਹਾਂ ਦੀ ਸਿੱਖਿਆ ਮੇਰੇ ਹਿਰਦੇ ਵਿਚ ਲਿਖੀ ਹੋਈ ਹੈ। ਜ਼ਿੰਦਗੀ ਦਾ ਹਰ ਕਾਰਜ ਸ਼ਾਂਤਮਈ ਢੰਗ ਨਾਲ ਹੱਲ ਹੋ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਸ਼ਾਂਤਮਈ ਢੰਗ ਨਾਲ ਨਾ-ਮਿਲਵਰਤਨ ਲਹਿਰ ਨੂੰ ਸਿਖਰਾਂ ਤੇ ਪਹੁੰਚਾਇਆ। ਜਿਸ ਨਾਲ ਦੇਸ਼ ਦੀ ਆਜ਼ਾਦੀ ਦਾ ਬਿਗਲ ਵੱਜਿਆ। ਮੈਨੂੰ ਇੱਥੋਂ ਰੂਹਾਨੀਅਤ ਤੌਰ ਤੇ ਵੀ ਸ਼ਕਤੀ ਮਿਲਦੀ ਹੈ। ਕੇਂਦਰੀ ਲੇਖਕ ਸਭਾ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਦੀ ਹੈ।

**ਨਿਤਨੇਮ ਤੇ ਕੀਰਤਨ**- ਇਸ ਤੋਂ ਬਾਅਦ ਨਾਮ ਸਿਮਰਨ ਦੀ ਅਰਦਾਸ ਹੋਈ। ਜਿਸ ਵਿਚ ਸ੍ਰੀ ਸਤਿਗੁਰੂ

ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ। ਅੱਜ ਦਾ ਕੀਰਤਨ ਰਾਗ ਧਨਾਸਰੀ ਪੜਤਾਲ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਪੁਰਾਤਨ ਰੀਤਾਂ ਵਿੱਚੋਂ ਗਾਇਨ ਕੀਤਾ। ਸ਼ਬਦ ਸੀ- **ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ॥** ਅੱਜ ਦਾ ਕੀਰਤਨ ਹਜ਼ੂਰੀ ਰਾਗੀ ਕਿਰਪਾਲ ਸਿੰਘ ਪਨੇਸਰ, ਗੁਰਦਿੱਤ ਸਿੰਘ ਤਬਲਾ, ਬਲਵੰਤ ਸਿੰਘ ਬਾਂਸਰੀ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਗਾਇਨ ਕੀਤਾ।

**ਰਾਤ ਦੇ ਦੀਵਾਨ** ਰਾਤ ਦੇ ਦੀਵਾਨਾਂ ਵਿਚ ਵੱਖ-ਵੱਖ ਜਥੇਦਾਰਾਂ ਨੇ ਆਪਣੇ ਆਪਣੇ ਵਿਸ਼ੇ ਦੇ ਉੱਪਰ ਧਾਰਨਾਂ ਪੜ੍ਹ ਦੀਵਾਨ ਲਾਇਆ। ਸਤਿਗੁਰੂ ਜੀ ਦਾ ਹਰ ਜੱਸ ਕੀਤਾ। ਅੱਜ ਸ਼ਾਮ ਦੇ ਦੀਵਾਨਾਂ ਦੀ ਸ਼ੁਰੂਆਤ **ਜਥੇ. ਦਰਸ਼ਨ ਸਿੰਘ ਦਿੱਲੀ** 'ਗਰੀਬੀ ਗਦਾ ਹਮਾਰੀ', **ਜਥੇ. ਮਨਜੀਤ ਸਿੰਘ ਦਿੱਲੀ** 'ਕੀਰਤਨ ਦੀ ਮਹਾਨਤਾ', **ਜਥੇ. ਹਰਪਾਲ ਸਿੰਘ** ਸ੍ਰੀ ਭੈਣੀ ਸਾਹਿਬ 'ਪਰ ਕਾ ਬੁਰਾ ਨ ਰਾਖਹੁ ਚੀਤ', **ਕਵੀਸ਼ਰ ਜੋਗਾ ਸਿੰਘ ਭੰਬੂਰ** ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਕਵੀਸ਼ਰੀ ਰਾਹੀਂ ਚਾਨਣਾ ਪਾਇਆ। ਉਪਰੰਤ **ਜਥੇ. ਮਨਮੋਹਨ ਸਿੰਘ ਯਮੁਨਾਨਗਰ** ਨੇ ਆਪਣੇ ਵਿਸ਼ੇ 'ਤੇ ਹੱਲੇ ਦੇ ਦੀਵਾਨ ਸਜਾ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ।

**15-10-2021**- ਮੇਲੇ ਦਾ ਤੀਸਰਾ ਦਿਨ **ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥** ਸ਼ਬਦ ਦੇ ਨਾਲ ਅੱਜ ਦੀ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਜਥੇ ਵੱਲੋਂ ਤੰਤੀ ਸਾਜ਼ਾਂ ਦੇ ਨਾਲ ਮਿਲ ਕੇ ਗਾਇਨ ਕੀਤਾ ਗਿਆ। ਸੰਗਤਾਂ ਇਸ਼ਨਾਨ ਕਰਕੇ ਵਾਰ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਨਾਮ ਦਾ ਜਾਪ ਕਰ ਰਹੀਆਂ ਸਨ। ਅੰਮ੍ਰਿਤ ਵੇਲੇ ਦਾ ਸਮਾਂ ਬਹੁਤ ਹੀ ਸ਼ਾਂਤਮਈ ਤੇ ਸੁੰਦਰ ਲੱਗਦਾ ਹੈ। ਚਾਰੇ ਪਾਸੇ ਸ਼ਾਂਤ ਵਾਤਾਵਰਨ ਹੁੰਦਾ ਹੈ। ਪੰਛੀਆਂ ਦੀ ਚਹਿਕ ਕਿਤੇ-ਕਿਤੇ ਸੁਣਾਈ ਦੇਂਦੀ ਹੈ। ਸ਼ਾਇਦ ਉਹ ਵੀ ਉਸ ਸਮੇਂ ਅਕਾਲ ਪੁਰਖ ਨੂੰ ਯਾਦ ਕਰ ਰਹੇ ਹੁੰਦੇ ਹਨ। ਇਸ ਕਰਕੇ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਦਾ ਸਮਾਂ ਗੁਰਸਿੱਖਾਂ ਨੂੰ ਦਿੱਤਾ ਹੈ। ਇਹ ਸਤਿਗੁਰੂ ਦੀ ਮਹਾਨ ਬਖ਼ਸ਼ਿਸ਼ ਹੈ। ਹੌਲੀ-ਹੌਲੀ ਦਿਨ ਦਾ ਚੜ੍ਹਾਅ ਹੋ ਰਿਹਾ ਸੀ ਤੇ ਚੰਡੀ ਦੀ ਵਾਰ ਦਾ ਪਾਠ ਕਰਨ ਦਾ ਸਮਾਂ ਨੇੜੇ ਆ ਰਿਹਾ ਸੀ। ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਤੇ ਸੰਗਤ ਨੇ ਵੀ ਚੰਡੀ ਦੀ ਵਾਰ ਦਾ ਪਾਠ ਕੀਤਾ। ਵਾਰ ਦੀ ਸਮਾਪਤੀ ਦੀ ਅਰਦਾਸ ਹੋਈ। ਉਪਰੰਤ ਦਿਨ ਭਰ ਚੱਲਣ ਵਾਲੇ ਦੀਵਾਨਾਂ ਬਾਰੇ ਦੱਸਿਆ ਗਿਆ।

**ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸੰਤ ਨਿਸ਼ਾਨ ਸਿੰਘ** ਅੱਜ ਦੇ ਦਿਨ ਬਾਰੇ ਦੱਸਣ ਲਈ ਆਪਣੀ ਗੱਲ ਗੁਰਬਾਣੀ ਦੇ ਸ਼ਬਦ **'ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ਲੰਕਾ ਲੂਟੀ ਦੈਤ ਸੰਤਾਪੈ'** ਸੰਤ ਜੀ ਕਿਹਾ ਅੱਜ ਦੁਸਹਿਰੇ ਦਾ ਦਿਨ ਹੈ। ਜੋ ਪੂਰੇ ਦੇਸ਼ ਵਿਚ ਮਨਾਇਆ ਜਾਂਦਾ ਹੈ। ਇਸ ਦਾ ਸੰਬੰਧ ਰਾਮ ਅਤੇ ਰਾਵਣ ਦੇ ਯੁੱਧ ਨਿਰਣੇ ਨਾਲ ਹੈ। ਉਨ੍ਹਾਂ ਇਤਿਹਾਸਕ ਪਿਛੋਕੜ ਦੱਸਿਆ ਕਿਹਾ ਜਦੋਂ ਭਗਵਾਨ ਰਾਮ ਜੀ ਨੇ ਮਾਤਾ ਸੀਤਾ ਨੂੰ ਰਾਵਣ ਦੀ ਕੈਦ ਵਿੱਚੋਂ ਛੁਡਵਾਉਣ ਲਈ ਲੰਕਾ ਤੇ ਹਮਲਾ ਕੀਤਾ ਤਾਂ ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਦਸਮ ਬਾਣੀ ਵਿਚ ਬਿਆਨ ਕਰਦੇ ਕਹਿੰਦੇ ਹਨ ਕਿ ਰਾਵਣ ਦੀ ਪਤਨੀ ਨੇ ਆਪਣੇ ਪਤੀ ਨੂੰ ਸਮਝਾਇਆ ਕਿ ਤੂੰ ਗਲਤ ਕੰਮ ਕੀਤਾ ਹੈ। ਸਮੇਂ ਦੇ ਅਵਤਾਰ ਨਾਲ ਮੱਥਾ ਲਾਇਆ ਹੈ ਹੁਣ ਵੀ ਮੁਆਫ਼ੀ ਮੰਗ ਲੈ ਕਿਉਂਕਿ ਭਗਵਾਨ ਰਾਮ ਨੇ ਬਹੁਤ ਵੱਡੇ-ਵੱਡੇ ਹੰਕਾਰੇ ਰਾਖਸ਼ਾਂ ਦਾ ਨਾਸ਼ ਕੀਤਾ ਹੈ। ਤੂੰ ਉਸ ਨਾਲ ਨਾ ਉਲਝ ਉਹ ਤੈਨੂੰ ਮਾਰ ਦੇਣਗੇ ਪਰ ਰਾਵਣ ਹੰਕਾਰ ਵਿੱਚ ਕਹਿੰਦਾ ਹੈ ਕਿ ਸੂਰਜ ਚੰਦਰਮਾ ਅਤੇ ਬ੍ਰਹਮਾ ਵਰਗੇ ਮੇਰੀ ਚਾਕਰੀ ਕਰਦੇ ਹਨ ਏ ਮੇਰਾ ਕੁਝ ਨਹੀਂ ਵਿਗਾੜ ਸਕਦਾ। ਹੰਕਾਰ ਕਾਰਨ ਰਾਵਣ ਮਾਰਿਆ ਗਿਆ ਭਾਵੇਂ ਉਸ ਦੇ ਭਰਾ ਅਤੇ ਪੁੱਤਰ ਬਹੁਤ ਬਲੀ ਸਨ ਪਰ ਕੋਈ ਵੀ ਸਮੇਂ ਦੇ ਮਾਲਕ ਨਾਲ ਅੜ ਨਾ ਸਕਿਆ। ਸੰਤ ਜੀ ਕਿਹਾ ਹਰ ਸਾਲ ਵੱਡੇ-ਵੱਡੇ ਬੁੱਤ ਲਾ ਹਵਾ ਅਤੇ ਸ਼ੋਰ ਪ੍ਰਦੂਸ਼ਣ ਕਰਕੇ ਅਸੀਂ ਦਸਹਿਰਾ ਮਨਾਉਂਦੇ ਹਾਂ ਪਰ ਅਸਲੀ ਦੁਸਹਿਰੇ ਦਾ ਭਾਵ ਬਾਹਰੀ ਨਹੀਂ ਅੰਤਰੀਵ ਹੈ। ਰਾਵਣ ਬਾਹਰ ਨਹੀਂ ਸਾਡੇ ਅੰਦਰ ਬੈਠਾ ਹੋਇਆ ਹੈ ਤੇ ਅਸੀਂ ਆਪਣਾ ਅੰਦਰਲਾ ਰਾਵਣ ਮਾਰਨਾ ਹੈ। ਜਿਹੜਾ ਰਾਵਣ ਸਾਨੂੰ ਨਿੱਤ ਨਵੀਂਆਂ-ਨਵੀਂਆਂ ਵਾਸ਼ਨਾਵਾਂ ਭੋਗਣ ਲਈ ਮਜ਼ਬੂਰ ਕਰਦਾ ਹੈ। ਜੋ ਦਿਨ-ਰਾਤ ਸਾਨੂੰ ਕਾਮ ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਅੱਗ ਵਿਚ ਸਾੜ ਰਿਹਾ ਹੈ। ਜਿਸ ਦੀ ਪਦਾਰਥਾਂ ਨੂੰ ਭੋਗਣ ਦੀ ਇੱਛਾ ਨਹੀਂ ਖ਼ਤਮ ਹੋ ਰਹੀ। ਇਸ ਰਾਵਣ ਨੇ ਬੁੱਧੀ ਰੂਪੀ ਮਾਤਾ ਨੂੰ ਕਬਜ਼ੇ ਕੀਤਾ ਹੈ। ਇਹ ਬੁਧੀ ਹੈ ਜਿਸ ਨੂੰ ਦਸ ਸਿਰਾਂ ਵਾਲੀ ਕਿਹਾ ਹੈ। ਸਾਡੇ ਅੰਦਰਲਾ ਰਾਵਣ ਬਾਹਰੀ ਰਾਵਣ ਵਾਂਗ ਬਹੁਤ ਤਕੜਾ ਹੈ ਉਸ ਕੋਲ ਕਈ ਹਥਿਆਰ ਹਨ, ਜਿਨ੍ਹਾਂ ਨਾਲ ਸਾਨੂੰ ਪ੍ਰਾਜਿਤ ਕਰਨਾ ਚਾਹੁੰਦਾ ਹੈ। ਇਸ ਰਾਵਣ ਤੋਂ ਜਿੱਤਣ ਲਈ ਗੁਰੂ ਦੀ ਜ਼ਰੂਰਤ ਹੈ। ਪਾਤਸ਼ਾਹ ਕਹਿੰਦੇ ਹਨ **ਗੁਰਮਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥ ਰਾਮਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥** ਗੁਰੂ ਦੇ ਉਪਦੇਸ਼ ਨਾਲ ਹੀ ਅਸੀਂ

ਰਾਵਣ ਦੀ ਲੰਕਾ ਜਿੱਤ ਸਕਦੇ ਹਾਂ। ਇਸ ਲਈ ਦੁਸਹਿਰੇ ਦਾ ਭਾਵ ਪਟਾਕੇ ਚਲਾਉਣਾ ਜਾਂ ਰਾਵਣ ਦਾ ਬੁੱਤ ਬੁੱਤ ਸਾੜਨਾ ਹੀ ਨਹੀਂ ਆਪਣੇ ਅੰਦਰਲਾ ਰਾਵਣ ਖ਼ਤਮ ਕਰਨਾ ਵੀ ਹੈ।

**ਦਿਨ ਵੇਲੇ ਦੇ ਦੀਵਾਨ–** ਅੱਜ ਦੇ ਦੀਵਾਨਾਂ ਵਿੱਚ **ਜਥੇ. ਮਾ. ਅਨੂਪ ਸਿੰਘ ਜੀ ਪਨੇਸਰ** ਨੇ 'ਸਤਿਗੁਰ ਕੀਨੋ ਪਰਉਪਕਾਰੁ', **ਜਥੇ. ਦਵਿੰਦਰ ਸਿੰਘ ਜੀ ਕੋਹਾਲੀ** 'ਜਿਹ ਕੁਲ ਸਾਧੁ ਬੈਸਨੌ ਹੋਇ', **ਜਥੇ. ਵੀਰ ਸਿੰਘ ਸ਼ਹਿਜ਼ਾਦਾ** 'ਸੇਵਾ', **ਕਵੀਸ਼ਰ ਗੁਰਸੇਵਕ ਸਿੰਘ** ਸ੍ਰੀ ਭੈਣੀ ਸਾਹਿਬ ਨੇ ਜਥੇ ਸਮੇਤ ਭਗਤ ਰਵਿਦਾਸ ਜੀ ਦੇ ਇਤਿਹਾਸ ਨੂੰ ਛੰਦਾ-ਬੰਦੀ ਵਿੱਚ ਬਿਆਨ ਕੀਤਾ। **ਜਥੇ. ਕਮਾਲ ਸਿੰਘ ਨੇ** 'ਜੋ ਨਾ ਮੰਨੇ ਹਾਜ਼ਰ ਸਤਿਗੁਰ ਨੂੰ ਉਹਦੀ ਘਾਲ ਥਾਇ ਨਾ ਪੈਂਦੀ ਏ' ਧਾਰਨਾ ਨਾਲ ਸਮੇਂ ਦੇ ਮਾਲਕ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਦੁਸਹਿਰੇ ਦਾ ਇਤਿਹਾਸਕ ਪੱਖ ਪੇਸ਼ ਕੀਤਾ। **ਉਪਰੰਤ ਪੰਡਤ ਯਾਦਵਿੰਦਰ ਸਿੰਘ** ਨੇ ਕਥਾ ਕਰਦਿਆਂ ਦੁਸਹਿਰੇ ਦਾ ਸਿਧਾਂਤਕ ਪੱਖ ਪੇਸ਼ ਕੀਤਾ ਤੇ ਕਿਹਾ ਇਤਿਹਾਸ ਨੂੰ ਯਾਦ ਰੱਖਣਾ ਜ਼ਰੂਰੀ ਇਸ ਲਈ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਗਲਤੀਆਂ ਮੁੜ ਨਾ ਕੀਤੀਆਂ ਜਾਣ। ਰਾਮ ਧਰਮ ਦੀ ਮੂਰਤ ਹੈ, ਰਾਵਣ ਆਧਰਮ ਦੀ ਮੂਰਤੀ ਹੈ। ਧਰਮ ਦੀ ਅਧਰਮ ਤੇ ਜਿੱਤ ਹੀ ਦੁਸਹਿਰਾ ਹੈ।

**ਕਿਸਾਨੀ ਮੋਰਚਾ– ਕਿਸਾਨ ਅਮਦੋਲਨ ਤੋਂ ਬਲਵੀਰ ਸਿੰਘ ਰਾਜੇਵਾਲ ਤੇ ਕੁਲਦੀਪ ਸਿੰਘ ਸ੍ਰੀ ਭੈਣੀ ਸਾਹਿਬ ਆਏ।**

**ਸ. ਕੁਲਦੀਪ ਸਿੰਘ ਵਜੀਦਪੁਰ** ਨੇ ਕਿਹਾ ਕਿ ਮੈਂ ਵੀ ਨਾਮਧਾਰੀ ਪਰਿਵਾਰ ਦਾ ਬੇਟਾ ਹਾਂ। ਮੈਂ ਕਿਸਾਨ ਮੋਰਚੇ ਨਾਲ ਜੁੜਿਆ ਹੋਇਆ ਹਾਂ। ਅਸੀਂ ਮੋਢੇ ਨਾਲ ਮੋਢਾ ਲਾ ਕੇ ਕਿਸਾਨੀ ਮੋਰਚੇ ਦੀ ਹਮਾਇਤ ਕਰ ਹਰੇ ਹਾਂ। ਮੋਰਚੇ ਵਿੱਚ 700 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ। ਕਿਰਤੀ ਸੋਚ ਦੀ ਜਿੱਤ ਹੋਵੇ, ਸੱਚੇ ਪਾਤਸ਼ਾਹ ਜੀ ਕਿਰਪਾ ਕਰਨ ਕਿਸਾਨ ਸੁਖੀ-ਸਾਂਦੀ ਘਰ ਪਰਤਣ।

**ਸ. ਬਲਬੀਰ ਸਿੰਘ ਜੀ ਰਾਜੇਵਾਲ** ਨੇ ਮਾਈਕ ਤੇ ਆਕੇ ਆਖਿਆ ਕਿ ਜਿਸ ਸਿਰੜ ਨਾਲ ਨਾਮਧਾਰੀ ਸੰਪਰਦਾ ਨੇ ਆਜ਼ਾਦੀ ਵਿੱਚ ਹਿੱਸਾ ਪਾਇਆ ਹੈ; ਨਾਮਧਾਰੀਆਂ ਦਾ ਇਕ ਵੱਖਰੀ ਕਿਸਮ ਦਾ ਚਰਿੱਤਰ ਸੀ, ਉਹ ਲਾਲਚੀ ਨਹੀਂ ਸਨ। ਦੇਸ਼ ਅਜ਼ਾਦੀ ਤੋਂ ਬਾਅਦ ਕੁਰਬਾਨੀਆਂ ਦੇਣ ਵਾਲੇ ਲੋਕ ਸੱਤਾ ਤੋਂ ਵੱਖਰੇ ਹੋ ਗਏ। ਜਿਨ੍ਹਾਂ ਲੋਕਾਂ ਨੇ ਕੁਰਬਾਨੀਆਂ ਨਹੀਂ ਕੀਤੀਆਂ ਸਨ, ਉਨ੍ਹਾਂ ਦੇ ਹੱਥਾਂ 'ਚ ਸੱਤਾ ਆ ਗਈ। ਉਨ੍ਹਾਂ ਦੇ ਮਾੜੇ ਕੀਤੇ ਕੰਮਾਂ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ। ਜਨਤਾ ਦੀ ਕਿਸੇ ਨੂੰ ਪਰਵਾਹ ਨਹੀਂ। ਸਿਸਟਮ ਇਸ ਤਰ੍ਹਾਂ ਦਾ ਬਣਿਆ ਪੰਜਾਂ ਸਾਲਾਂ ਬਾਅਦ ਸਾਡੇ ਕੋਲ ਇੱਕ ਵਾਰੀ ਆਉਂਦੇ ਹਨ। ਪੰਜ ਮਿੰਟ ਹੱਥ ਬੰਨ੍ਹਦੇ ਹਨ ਤੇ ਫੇਰ ਪੰਜ ਸਾਲ ਸਾਡੇ ਹੱਥ ਬਣਾਉਂਦੇ ਹਨ। ਅਸੀਂ ਚੁਣ ਕੇ ਭੇਜਦੇ ਹਾਂ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ (ਸੰਸਦ) ਵਿੱਚ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ। ਜਿਸ ਨਾਲ ਲੋਕ ਸੁਖੀ ਵੱਸਣ ਪਰ ਸਾਡੇ ਲੀਡਰ ਨਿਸ਼ਾਨਾ ਖੁੰਝ ਕੇ ਮਾਲ ਬਣਾਉਣ ਲੱਗ ਪਏ। ਅੱਜ ਜਿਹੜੇ ਕਾਨੂੰਨ ਬਣਾਏ ਹਨ, ਉਹ ਦੇਸ਼ ਦੀ ਖੇਤੀ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਦੇ ਹਨ। ਮੈਨੂੰ ਇਹ ਗੱਲ 2017 ਵਿੱਚ ਪਤਾ ਲੱਗ ਗਈ ਸੀ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੂੰ ਇਕੱਠਾ ਕਰ ਕੇ ਕਿਹਾ ਪੜ੍ਹ ਲਓ ਦੇਸ਼ ਵਿੱਚ ਕੀ ਹੋਣਾ ਹੈ। ਅਸੀਂ ਗੁਰੂ ਨਾਨਕ ਨਾਮ ਲੇਵਾ ਲੋਕ ਦਸਾਂ ਨਹੁੰਆਂ ਦੀ ਕਿਰਤ ਕਰਕੇ ਸਾਰੇ ਦੇਸ਼ ਦਾ ਢਿੱਡ ਭਰਦੇ ਹਾਂ। ਸਾਰਿਆਂ ਨੇ ਭਰੋਸਾ ਦਿੱਤਾ ਇਕੱਠੇ ਹੋ ਕੇ ਲੜਾਂਗੇ। ਮੇਰੀ ਸਾਰੀ ਜ਼ਿੰਦਗੀ (51 ਸਾਲ) ਕਿਸਾਨਾਂ ਦੇ ਹੱਕਾਂ ਵਿੱਚ ਲੜਦਿਆਂ ਲੰਘੀ ਹੈ। ਸਾਡੇ ਲੋਕਾਂ ਹਰੇ ਇਨਕਲਾਬ ਦੀ ਕ੍ਰਾਂਤੀ ਲਿਆਂਦੀ। ਧਰਤੀ ਸਵਾਰੀ ਕੀਤੀ, ਅਸੀਂ ਲੋਕ ਮਿਹਨਤੀ ਸਾਂ। ਗੁਰੂ ਸਾਹਿਬ ਦਾ ਇਹ ਸੰਦੇਸ਼ ਉਜੜ ਜਾਵੋ ਅਸੀਂ ਸਾਰੇ ਸਿੱਖ ਦੇਸ਼ ਦੇ ਕੋਨੇ-ਕੋਨੇ ਵਿੱਚ ਜਾ ਕੇ ਵਸੇ। ਹਰ ਥਾਂ ਆਪਣੀ ਮਿਹਨਤ ਨਾਲ ਜ਼ਮੀਨ ਬਣਾਈ। ਯੂ.ਪੀ. ਦੇ ਜੰਗਲਾਂ ਵਿੱਚ ਖੇਤੀ ਕੀਤੀ, ਐਮ.ਪੀ., ਸ਼ਿਵਪੁਰੀ ਜਾ ਕੇ ਦੇਖੋ ਮਿੰਨੀ ਪੰਜਾਬ ਹੈ। ਉਥੋਂ ਦੇ ਲੋਕਾਂ ਨੂੰ ਖੇਤੀ ਸਿਖਾ ਦਿੱਤੀ। ਸਰਕਾਰ ਨੇ ਇਨ੍ਹਾਂ ਮਿਹਨਤ ਕਸ਼ ਲੋਕਾਂ ਤੇ ਹੀ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਬੜਾ ਸਮਾਂ ਪਹਿਲਾਂ ਜ਼ਮੀਨ ਤੇ ਅੱਖ ਰੱਖੀ ਸੀ। ਅੱਜ ਯੂ.ਐਸ.ਏ. ਦੀ 90% ਜ਼ਮੀਨ ਕਾਰਪੋਰੇਟ ਦੇ ਕੋਲ ਹੈ। ਉਨ੍ਹਾਂ ਨੇ ਸੋਚਿਆ ਸਟੀਲ ਇੰਡਸਟਰੀ ਜਾਂ ਹੋਰ ਸਾਰੀਆਂ ਇੰਡਸਟਰੀਆਂ ਫੇਲ੍ਹ ਹੋ ਸਕਦੀਆਂ ਹਨ ਪਰ ਖੇਤੀ ਇਕ ਐਸੀ ਇੰਡਸਟਰੀ ਹੈ ਜਿਹੜੀ ਕਦੇ ਫੇਲ੍ਹ ਨਹੀਂ ਹੋ ਸਕਦੀ ਕਿਉਂਕਿ ਇਥੋਂ ਅੰਨ ਪੈਦਾ ਹੁੰਦਾ ਹੈ। ਇਸ ਤੋਂ ਬਿਨਾਂ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ। ਭਾਰਤ ਅਤੇ ਚੀਨ ਦੋ ਵੱਡੇ ਦੇਸ਼ ਹਨ। ਚੀਨ ਤਾਂ ਕਿਸੇ ਨੂੰ ਲਾਗੇ ਨਹੀਂ ਲੱਗਣ ਦਿੰਦਾ ਪਰ ਭਾਰਤ ਦੇ ਲੋਕਾਂ ਨੂੰ ਇਨ੍ਹਾਂ ਨੇ ਡਰਾ ਲਿਆ।

ਸ਼ਾਂਤਮਈ ਅੰਦੋਲਨ ਕਰਨ ਦਾ ਅਧਿਕਾਰ ਹੈ। ਸਰਕਾਰ ਦੀ ਮੁੱਢਲੀ ਡਿਊਟੀ ਹੈ ਕਿ ਉਹ ਸਾਡੀ ਗੱਲ ਸੁਣੇ ਸਾਡੀ ਗਿਆਰਾਂ ਵਾਰ ਮੀਟਿੰਗ ਹੋਈ, ਜਿੰਨੀ ਝੂਠੀ ਇਹ ਸਰਕਾਰ ਹੈ ਮੈਂ ਜ਼ਿੰਦਗੀ ਵਿੱਚ ਕੋਈ ਨਹੀਂ ਦੇਖੀ। ਸਵੇਰ ਨੂੰ ਮੰਨ ਕੇ ਦੁਪਹਿਰ ਨੂੰ ਫਿਰ ਮੁੱਕਰ ਜਾਂਦੀ ਹੈ। ਕਿਸੇ ਗੱਲ ਤੇ

ਖੜ੍ਹਦੀ ਹੀ ਨਹੀਂ। ਅਸੀਂ ਇਕੱਲਾ-ਇਕੱਲਾ ਕਾਨੂੰਨ ਲੋਕਾਂ ਦੇ ਖਿਲਾਫ਼ ਸਿੱਧ ਕਰ ਦਿੱਤਾ, ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਮੇਰੀ ਡਿਊਟੀ ਸਾਰਾ ਕੇਸ ਪੇਸ਼ ਕਰਨ ਦੀ ਸੀ ਅੱਗੋਂ ਕਹਿੰਦੇ ਹਨ ਗੱਲ ਤੁਹਾਡੀ ਠੀਕ ਹੈ ਪਰ ਅਸੀਂ ਫਸ ਗਏ ਹਾਂ। ਅਸੀਂ ਠੀਕ ਗੱਲ ਸਰਕਾਰ ਦੇ ਸਾਹਮਣੇ ਰੱਖੀ ਤੁਸੀਂ ਕਾਨੂੰਨ ਬਣਾ ਹੀ ਨਹੀਂ ਸਕਦੇ। ਇਹ ਰਾਜਾਂ ਦਾ ਅਧਿਕਾਰ ਹੈ। ਕਹਿੰਦੇ ਜੇ ਅਸੀਂ ਕਾਨੂੰਨ ਵਾਪਸ ਲੈ ਲਏ ਸਾਡੀ ਬੇਇੱਜ਼ਤੀ ਹੈ।

ਇਸ ਕਿਸਾਨੀ ਅੰਦੋਲਨ ਨੂੰ ਹਿੰਦੂ-ਸਿੱਖ ਮਸਲਾ ਬਣਾ ਕੇ ਤੋੜਨ ਦੀ ਕੋਸ਼ਿਸ਼ ਕੀਤੀ ਜੋ ਅਸੀਂ ਸਫ਼ਲ ਨਹੀਂ ਹੋਣ ਦਿੱਤਾ। ਹੁਣ ਰਹਿੰਦੀ ਕਸਰ ਕੱਢਣ ਲਈ ਯੂ.ਪੀ. ਵਿੱਚ ਸਾਡੇ ਭਰਾਵਾਂ ਨੂੰ ਗੱਡੀ ਥੱਲੇ ਦੇ ਕੇ ਮਾਰ ਦਿੱਤਾ ਪਰ ਫੇਰ ਵੀ ਅਸੀਂ ਸ਼ਾਂਤ ਰਹੇ। ਸਰਕਾਰ ਨੇ ਲੋਕਾਂ ਨੂੰ ਉੱਥੇ ਜਾਣੋ ਰੋਕਿਆ ਪਰ ਫਿਰ ਵੀ ਬਾਰਾਂ ਏਕੜ ਦਾ ਪੰਡਾਲ ਉਥੇ ਖਚਾ-ਖਚ ਭਰਿਆ ਹੋਇਆ ਸੀ। ਸਾਡਾ ਸਾਰਾ ਜ਼ੋਰ ਇਸ ਗੱਲ ਤੇ ਲੱਗਾ ਹੋਇਆ ਹੈ ਕਿ ਇਹ ਅੰਦੋਲਨ ਨਿਰੋਲ ਕਿਸਾਨਾਂ ਦਾ ਹੈ। ਰੋਜ਼ ਦੀਆਂ ਮੁਸ਼ਕਲਾਂ ਨਾਲ ਜੂਝ ਰਹੇ ਹਾਂ। ਸਿੰਘੂ ਬਾਡਰ ਤੇ ਵਾਪਰੀ ਨਵੀਂ ਘਟਨਾ ਸੁਣ ਇੱਕ ਵਾਰੀ ਮੇਰਾ ਮਨ ਡੋਲ ਗਿਆ ਸੀ ਕਿ ਅੰਦੋਲਨ ਗਿਆ। ਪਰ ਮੇਰਾ ਕੱਟੜ ਵਿਸਵਾਸ਼ ਹੈ ਕਿ ਦੁਨਿਆ ਦਾ ਸਭ ਤੋਂ ਵੱਡਾ ਅੰਦੋਲਨ ਸ਼ਾਂਤਮਈ ਢੰਗ ਨਾਲ ਜੇ ਚੱਲ ਰਿਹਾ ਹੈ ਤਾਂ ਇਹ ਪ੍ਰਮੇਸ਼ਰ ਦੀ ਕਿਰਪਾ ਹੈ। ਅਸੀਂ ਇਖ਼ਲਾਕੀ ਤੌਰ 'ਤੇ ਜਿੱਤ ਗਏ ਹਾਂ। ਥੋੜ੍ਹੀ ਜਿਹੀ ਗੱਲ ਫਸੀ ਹੋਈ ਹੈ।

ਇਸ ਦਰਬਾਰ ਨਾਲ ਜੁੜੀ ਸੰਗਤ ਵੱਖਰੀ ਹੈ। ਕੁਰਬਾਨੀ ਵਾਲੀ ਸੰਗਤ ਹੈ। ਇੱਕ ਵੱਡੀ ਲੰਬੀ ਲੜਾਈ ਹੈ ਜੋ ਅਸੀਂ ਲੜ੍ਹ ਰਹੇ ਹਾਂ। ਸਭ ਕੁਝ ਕਾਰਪੋਰੇਟ ਨੂੰ ਸੰਭਾਲਣ ਲਈ ਫ਼ੈਸਲਾ ਹੋ ਚੁੱਕਾ ਹੈ। ਬਿਜਲੀ ਸੈਕਟਰ ਵੀ ਵਿੱਕ ਗਿਆ ਹੈ, ਦੇਸ਼ ਮੁਸ਼ਕਲਾਂ ਨਾਲ ਘਿਰਿਆ ਪਿਆ ਹੈ। ਲੋਕਾਂ ਦੇ ਹਿੱਤਾਂ ਬਾਰੇ ਸੋਚਣ ਦੀ ਬਜਾਏ ਸਰਕਾਰ ਕਾਰਪੋਰੇਟ ਬਾਰੇ ਸੋਚ ਰਹੀ ਹੈ। ਤੁਹਾਡੀ ਸੰਪਰਦਾ ਤੋਂ ਮੈਂ ਆਸ ਰੱਖਦਾ ਹਾਂ। ਤੁਹਾਡਾ ਬਹੁਤ ਵੱਡਾ ਯੋਗਦਾਨ ਰਿਹਾ ਹੈ, ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਵਿੱਚ। ਦੇਸ਼ ਗ਼ੁਲਾਮੀ ਵੱਲ ਵਧ ਰਿਹਾ ਹੈ। ਇੱਕ ਹੰਭਲਾ ਹੋਰ ਮਾਰੋ, ਜੇ ਇਸ ਵਰਤਾਰੇ ਨੂੰ ਬਰੇਕ ਲਾ ਦਿੱਤੀ ਤਾਂ ਅਸੀਂ ਸਾਰੇ ਸ਼ਾਂਤੀ ਨਾਲ ਜੀਵਨ ਬਤੀਤ ਕਰਾਂਗੇ। ਮੈਂ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਸਾਰੀ ਸੰਗਤ ਨੂੰ ਇਕ ਇਹੋ ਜਿਹਾ ਫ਼ੁਰਮਾਨ ਜਾਰੀ ਕਰਨ, ਜਿਸ ਸਦਕਾ ਸੰਗਤ ਸ਼ਾਂਤਮਈ ਢੰਗ ਨਾਲ ਇਸ ਅੰਦੋਲਨ ਵਿੱਚ ਹਿੱਸਾ ਪਾਵੇ। ਅੱਜ ਲੋੜ ਹੈ, ਉੱਥੇ ਹੋਰ ਇਕੱਠ ਕਰਨ ਦੀ ਅੱਜ ਕੁਦਰਤ ਨੇ ਕੈਸਾ ਮਾਹੌਲ ਬਣਾਇਆ ਹੈ। ਲੋਕ ਅੰਦੋਲਨ ਨਾਲ ਜੁੜੇ ਹਨ। ਕੁਰਾਹੇ ਪਈ ਸਰਕਾਰ ਨੂੰ ਸਹੀ ਰਸਤੇ ਤੇ ਲੈ ਕੇ ਆ ਸਕੀਏ ਮੇਰੀ ਇਹ ਤੁਹਾਡੇ ਚਰਨਾਂ ਵਿਚ ਬੇਨਤੀ ਹੈ।

**ਸਤਿਗੁਰੂ ਜੀ ਦਾ ਕਿਸਾਨੀ ਅੰਦੋਲਨ ਬਾਰੇ ਸੰਦੇਸ਼–**

ਸਰਦਾਰ ਰਾਜੇਵਾਲ ਜੀ ਤੇ ਕੁਲਦੀਪ ਸਿੰਘ ਮੈਂ ਤੁਹਾਨੂੰ ਇਸ ਪਾਵਨ ਧਰਤੀ ਤੇ ਆਉਣ ਲਈ ਜੀ ਆਇਆਂ ਆਖਦਾ, ਮੈਂ ਤੁਹਾਨੂੰ ਇਸ ਚੀਜ਼ ਦੀ ਵਧਾਈ ਦਿੰਦਾ ਇਹ ਗੱਲ ਕਿਸੇ ਕੋਲੋਂ ਛੁਪੀ ਨਹੀਂ ਬੜੇ ਜ਼ੋਰ ਨਾਲ ਇਸ ਅੰਦੋਲਨ ਨੂੰ ਹਿੰਦੂ ਸਿੱਖ ਦਾ ਸਵਾਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜਦੋਂ ਅੰਦੋਲਨ ਸ਼ੁਰੂ ਹੋਇਆ ਇਹ ਡਰ ਸਾਨੂੰ ਵੀ ਸਾਰਿਆਂ ਨੂੰ ਲੱਗਾ ਕਿ ਕਿਤੇ ਇਸ ਨੂੰ ਹਿੰਦੂ ਸਿੱਖ ਸਵਾਲ ਨਾ ਬਣਾ ਦੇਣ ਸਾਡੇ ਤੋਂ ਜ਼ਿਆਦਾ ਰਾਜੇਵਾਲ ਸਾਹਿਬ ਨੂੰ ਪਤਾ ਹੋਣਾ। ਛੱਬੀ ਜਨਵਰੀ ਨੂੰ ਜੋ ਕੁਝ ਕਰਵਾਇਆ, ਉਹ ਵੀ ਏਜੰਸੀਆਂ ਨੇ ਕਰਵਾਇਆ। ਏਜੰਸੀਆਂ ਕਰਾਉਂਦਿਆਂ ਹੀ ਨੇ। ਸਾਰੀ ਦੁਨੀਆਂ ਚ ਕਰਵਾਉਂਦੀਆਂ ਨੇ ਇਹ ਗੱਲ ਵੀ ਆਪਾਂ ਸਾਰਿਆਂ ਨੂੰ ਪਤਾ ਹੈ ਤੁਸੀਂ ਇਸ ਵਧਾਈ ਦੇ ਪਾਤਰ ਹੋ ਖਾਸ ਕਰਕੇ ਰਾਜੇਵਾਲ ਜੀ ਤੁਸੀਂ ਇਸ ਨੂੰ ਹਿੰਦੂ ਸਿੱਖ ਸੁਆਲ ਨਹੀਂ ਬਣਨ ਦਿੱਤਾ। ਤੁਹਾਡੇ ਤੇ ਪ੍ਰਮਾਤਮਾ ਦੀ ਅਪਾਰ ਕਿਰਪਾ ਹੈ ਤੁਸੀਂ ਇਸ ਨੂੰ ਬਚਾਇਆ ਹੈ। ਤੁਸੀਂ ਵਾਰ-ਵਾਰ ਆਖਿਆ ਏ ਮੇਰੀ ਜ਼ਿੰਮੇਵਾਰੀ ਹੈ, ਮੈਂ ਨੌਜੁਵਾਨ ਬੱਚੇ ਮਰਵਾਉਣ ਨਹੀਂ ਆਇਆ। ਮੈਂ ਬੱਚਿਆਂ ਨੂੰ ਮਰਵਾ ਕੇ ਕਿੱਥੇ ਜਾ ਕੇ ਮੂੰਹ ਵਖਾਣਾ ਏ। ਇਹ ਅੰਦੋਲਨ ਸ਼ਾਂਤਮਈ ਰਿਹਾ ਏ। ਕੋਸ਼ਿਸ਼ ਕੀਤੀ ਗਈ ਕਿ ਖ਼ਾਲਿਸਤਾਨ ਨਾਲ ਜੋੜਿਆ ਜਾਵੇ। ਇਸ ਅੰਦੋਲਨ ਨੂੰ ਟੈਰੇਰਿਜ਼ਮ ਨਾਲ ਜੋੜਿਆ ਜਾਵੇ ਇਨਸਾਨ ਦੀ ਸਾਰਿਆਂ ਤੋਂ ਵੱਡੀ ਪ੍ਰੋਬਲਮ ਹੰਕਾਰ ਹੁੰਦੀ ਹੈ। ਇਹ ਅੰਦੋਲਨ ਬਾਰੇ ਬੜੇ ਆਰਾਮ ਨਾਲ ਬੈਠ ਕੇ ਗੱਲ ਹੋ ਸਕਦੀ ਸੀ ਜਦੋਂ ਸ਼ੁਰੂ ਸ਼ੁਰੂ ਵਿੱਚ ਪੰਜਾਬ 'ਚ ਆਰੰਭ ਹੋਇਆ, ਉਦੋਂ ਗੱਲਬਾਤ ਕਰਨ ਦੀ ਥਾਂ ਇਹ ਹੋਇਆ ਕਿ ਪੰਜਾਬ ਵਿੱਚ ਖਾਦ ਨਾ ਪਹੁੰਚੇ ਕੋਲਾ ਨਾ ਪਹੁੰਚੇ। ਇਹ ਸਗੋਂ ਬਾਂਹ ਮਰੋੜਨ ਦੀ ਗੱਲ ਕੀਤੀ ਗਈ। ਤੰਗ ਕਰਨ ਦੀ ਗੱਲ ਕੀਤੀ ਗਈ। ਜੇ ਉਦੋਂ ਹੀ ਪ੍ਰੇਮ ਪਿਆਰ ਨਾਲ ਹੰਕਾਰ ਛੱਡ ਕੇ ਗੱਲ ਕੀਤੀ ਜਾਂਦੀ। ਸ਼ਾਇਦ ਇਹ ਗੱਲ ਅੱਜ ਇੱਥੇ ਨਾ ਪਹੁੰਚਦੀ ਬਹੁਤ ਸਾਰੇ ਨੌਜਵਾਨ ਸ਼ਹੀਦ ਹੋ ਗਏ ਬੜੀ ਬੇਸੁਆਦੀ ਹੋਈ ਜੇ ਅਸੀਂ ਦੇਖੀਏ ਦੇਸ਼ ਦਾ ਕਿੰਨਾ ਸਮਾਂ ਏ ਇਸ ਕੰਮ ਵਿੱਚ ਲੱਗ ਗਿਆ। ਜਿਹੜਾ ਕਿਸੇ ਉਸਾਰੂ ਕੰਮ

ਵਿੱਚ ਲੱਗ ਸਕਦਾ ਸੀ। ਸਾਡਾ ਕਿੰਨਾ ਨੌਜਵਾਨ ਉੱਥੇ ਬੈਠਾ ਹੋਇਐ ਹੈ, ਜਿਨ੍ਹਾਂ ਆਪਣਾ ਕੰਮ ਕਰਨਾ ਸੀ। ਇਹ ਨੁਕਸਾਨ ਤਾਂ ਸਾਡੇ ਦੇਸ਼ ਦਾ ਹੋਇਆ। ਰਾਜੇਵਾਲ ਜੀ ਤੁਸੀਂ ਨਾਮਧਾਰੀ ਸਮਾਜ ਦੀ ਗੱਲ ਕੀਤੀ ਹੈ। ਨਾਮਧਾਰੀ ਸਮਾਜ ਪੰਜਾਬ ਤੋਂ ਕਿਸਾਨਾਂ ਤੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ ਹੋ ਸਕਦਾ। ਆਪਸ ਵਿਚ ਜੁੜੇ ਹੋਏ ਹਾਂ। ਲੰਗਰ ਦੇ ਰੂਪ ਵਿੱਚ ਜੁੜੇ ਹੋਏ ਹਾਂ ਕਦੇ ਹਸਪਤਾਲ ਸਿਹਤ ਸਹੂਲਤਾਂ ਦੇ ਰੂਪ ਵਿੱਚ। ਸਭ ਤੋਂ ਵੱਡਾ ਅਰਦਾਸ ਦੇ ਰੂਪ ਵਿੱਚ ਜੁੜੇ ਹੋਏ ਹਾਂ। ਸਾਡੀ ਅਰਦਾਸ ਹੈ ਇਹ ਮਸਲਾ ਜਲਦੀ ਸ਼ਾਂਤੀ ਨਾਲ ਖ਼ਤਮ ਹੋਏ। ਖ਼ਤਮ ਵੀ ਇਸ ਢੰਗ ਨਾਲ ਹੋਵੇ, ਜਿਸ ਤਰ੍ਹਾਂ ਤੁਸੀਂ ਆਖਿਆ ਏ ਕਿਸਾਨ ਇੱਜ਼ਤ ਨਾਲ ਘਰ ਆਏ। ਜਿਵੇਂ ਸ਼ਾਂਤੀ ਨਾਲ ਪਹਿਲਾ ਸਮਾਂ ਲੰਘਿਆ ਏ ਉਸ ਤਰ੍ਹਾਂ ਹੀ ਅਗਲਾ ਸਮਾਂ ਲੰਘੇ। ਇਹ ਗੁਰੂ ਨਾਨਕ ਦਾ ਪੰਥ ਹੈ, ਗੁਰੂ ਨਾਨਕ ਦੇ ਹਿੰਦੂ ਨੇ ਮੁਸਲਮਾਨ ਵੀ ਨੇ ਸਾਰੇ ਹੀ ਗੁਰੂ ਨਾਨਕ ਦੇ ਨੇ ਅਸੀਂ ਗੁਰੂ ਨਾਨਕ ਨੂੰ ਇਡਾ ਛੋਟਾ ਨਹੀਂ ਕਰਦੇ ਕਿ ਉਹ ਸਿਰਫ਼ ਕੇਸਾਂ ਵਾਲਿਆਂ ਦਾ ਜਾਂ ਪੰਜ ਕਕਾਰ ਵਾਲਿਆਂ ਦਾ ਏ। ਗੁਰੂ ਨਾਨਕ ਤੇ ਸਾਰਿਆਂ ਦਾ ਹੀ ਏ। ਅਸੀਂ ਇਹ ਅਰਦਾਸ ਬੇਨਤੀ ਕਰਦੇ ਹਾਂ। ਸਾਰੇ ਸੁਖੀ ਹੋਣ, ਹਰ ਕੋਈ ਕਿਰਤੀ ਸੁਖੀ ਹੋਵੇ। ਏਸ ਢੰਗ ਨਾਲ ਗੱਲ ਹੋਵੇ, ਜਿੱਥੇ ਸਰਕਾਰ ਨੂੰ ਝੁਕਣ ਦੀ ਲੋੜ ਹੈ ਸਰਕਾਰ ਵੀ ਝੁਕੇ। ਸਰਕਾਰ ਅਕਸਰ ਲੋਕਾਂ ਦੀ ਬਣਾਈ ਹੋਈ ਹੈ। ਅਸੀਂ ਡੈਮੋਕ੍ਰੇਸੀ ਕਹਿੰਦੇ ਆਂ। ਸਰਕਾਰ ਲੋਕਾਂ ਵਾਸਤੇ ਬਣੀ ਹੋਈ ਹੈ ਤੇ ਉਹ ਲੋਕਾਂ ਨਾਲ ਮਿਲ ਕੇ ਬੜੇ ਸੁਹਿਰਦ ਢੰਗ ਨਾਲ ਇਹ ਫੈਸਲਾ ਲਵੇ। ਕਿਸਾਨੀ ਇਸ ਨਾਲੋਂ ਵੀ ਜ਼ਿਆਦਾ ਖੁਸ਼ਹਾਲ ਹੋ ਸਕੇ। ਰਾਜੇਵਾਲ ਜੀ ਤੁਸੀਂ ਗੱਲ ਕੀਤੀ ਸੀ। ਜੇ ਅਸੀਂ ਆਜ਼ਾਦੀ ਤੋਂ ਪਹਿਲਾਂ ਸਮੇਂ ਚਲੇ ਜਾਈਏ ਇਸ ਦੇਸ਼ ਵਿੱਚ ਕਿੰਨੀਆਂ ਭੁੱਖਮਰੀਆਂ ਆਈਆਂ। ਉਨ੍ਹਾਂ ਦੀ ਗਿਣਤੀ ਨਹੀਂ ਕਿੰਨੇ ਕਰੋੜ ਲੋਕ ਭੁੱਖ ਨਾਲ ਮਰ ਗਏ। ਅੱਜ ਸਾਡੇ ਕੋਲ ਇਹ ਪ੍ਰੌਬਲਮ ਹੈ, ਸਾਡੇ ਕੋਲ ਅਨਾਜ ਨੂੰ ਸਾਂਭਣ ਲਈ ਸਾਧਨ ਨਹੀਂ ਹਨ। ਅੱਜ ਸਾਡੇ ਕੋਲ ਅਨਾਜ ਵਾਧੂ ਹੈ। ਅੱਜ ਸਾਡੇ ਕੋਲ ਸਬਜ਼ੀ ਵਾਧੂ ਹੈ। ਇਹ ਸਾਡੇ ਕਿਸਾਨਾਂ ਦੀ ਮਿਹਨਤ ਹੈ। ਸਾਡੇ ਸਾਇੰਸਦਾਨਾਂ ਦੀ ਮਿਹਨਤ ਹੈ। ਬੜਿਆਂ ਨੇ ਇਹ ਭਵਿੱਖਬਾਣੀਆਂ ਕੀਤੀਆਂ ਕਿ ਜਿੰਨੀ ਤੇਜ਼ੀ ਨਾਲ ਇਸ ਦੇਸ਼ ਦੀ ਆਬਾਦੀ ਵਧ ਰਹੀ ਹੈ। ਇਹ ਲੋਕਾਂ ਨੂੰ ਫਡਿ ਨਹੀਂ ਕਰ ਸਕਣਗੇ ਪਰ ਅੱਜ ਇਸ ਦੇ ਬਿਲਕੁਲ ਉਲਟ ਹੋ ਰਿਹਾ ਏ। ਇਹ ਅਲੱਗ ਚੀਜ਼ ਹੈ ਕਿ ਸਾਡੇ ਸਿਸਟਮ ਕਰਕੇ ਵਿਤਰਣ ਸਹੀ ਨਾ ਹੋ ਸਕੇ। ਪਰ ਸਾਨੂੰ ਕਦੇ ਵੀ ਕਿਸੇ ਤਰ੍ਹਾਂ ਦੇ ਅਨਾਜ ਦੀ ਕਮੀ ਨਹੀਂ ਆਈ। ਅੱਜ ਕਦੇ ਕੋਈ ਔਰਗੈਨਿਕ ਖੇਤੀ ਦੀ ਗੱਲ ਕਰਦਾ ਏ। ਕੋਈ ਜ਼ੀਰੋ ਇਨਪੁੱਟ ਖੇਤੀ ਦੀ ਗੱਲ ਕਰਦੇ ਹਨ। ਮੈਂ ਉਨ੍ਹਾਂ ਨੂੰ ਵੀ ਕਹਿੰਦਾ ਹੁੰਦਾ ਹਾਂ। ਆਪਾਂ ਇਨ੍ਹਾਂ ਚੀਜ਼ਾਂ ਨੂੰ ਬਿਨਾਂ ਸਮਝੇ ਨਾ ਕਹੀਏ। ਜੇ ਇਕ ਰੈਵਅਲੂਸ਼ਨ ਆਏ ਜ਼ੀਰੋ ਇਨਪੁੱਟ ਨਾਲ ਨਹੀਂ ਆਏ ਓਰਗੈਨਿਕ ਨਾਲ ਨਹੀਂ ਆਏ। ਇਹ ਬੜੀ ਵੱਡੀ ਰੈਵਅਲੂਸ਼ਨ ਹੈ। ਫਿਰ ਗੱਲ ਕਰਦੇ ਹਨ ਇਹ ਸਦਾ ਚੱਲ ਨਹੀਂ ਸਕਦੀ ਪਰ ਇਹ ਗ੍ਰੀਨ ਰੈਵਅਲੂਸ਼ਨ ਨੂੰ ਚਲਦਿਆਂ ਪੰਜਾਹ 60 ਸਾਲ ਹੋ ਗਏ ਨੇ ਸਾਡੇ ਅਨਾਜ ਦੀ ਪੈਦਾਵਾਰ ਵਧ ਰਹੀ ਏ। ਸਾਨੂੰ ਇਨ੍ਹਾਂ ਕਿਸਾਨਾਂ ਨੂੰ ਕਿਰਤੀਆਂ ਨੂੰ ਸਾਂਭਣ ਦੀ ਲੋੜ ਹੈ। ਜੋ ਇਨ੍ਹਾਂ ਦਾ ਬਣਦਾ ਸਤਿਕਾਰ ਦੇਣ ਦੀ ਲੋੜ ਏ ਏਸ ਕਰਕੇ ਸਾਡੀ ਗੌਰਮਿੰਟ ਨੂੰ ਅਪੀਲ ਹੈ। ਕਿਸਾਨਾਂ ਨਾਲ ਬੈਠ ਕੇ ਗੱਲਬਾਤ ਰਾਹੀਂ ਜਲਦੀ ਤੋਂ ਜਲਦੀ ਇਹ ਮਸਲਾ ਹੱਲ ਕੀਤਾ ਜਾਵੇ। ਬਾਕੀ ਜਿਸ ਸੇਵਾ ਲਈ ਤੁਸੀਂ ਕਹੋਗੇ, ਉਸ ਲਈ ਹਾਂ ਅਸੀਂ ਸਦਾ ਹਾਜ਼ਰ ਇੰਨੀ ਗੱਲ ਕਰਕੇ ਤੁਹਾਡੇ ਤੋਂ ਆਗਿਆ ਲੈਂਦਾ ਹਾਂ। ਰਾਜੇਵਾਲ ਜੀ ਤੁਹਾਡਾ ਫਿਰ ਧੰਨਵਾਦ ਕਰਦਾਂ ਤੁਹਾਡੇ ਲਈ ਮਨ ਵਿੱਚ ਇਸ ਕਰਕੇ ਸਤਿਕਾਰ ਹੈ। ਤੁਸੀਂ ਇਸ ਅੰਦੋਲਨ ਨੂੰ ਸ਼ਾਂਤਮਈ ਰੱਖਣ ਲਈ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਹੈ। ਸਾਡੇ ਪੰਜਾਬ ਦਾ ਬੱਚਿਆਂ ਦਾ ਨੁਕਸਾਨ ਨਾ ਹੋਵੇ ਸਾਡੇ ਸਿੱਖਾਂ ਦੀ ਬਦਨਾਮੀ ਨਾ ਹੋਵੇ। ਜਿਨ੍ਹਾਂ ਨੂੰ ਕਿਸੇ ਵੇਲੇ ਲੋਕ ਟੈਰਰਿਸਟ ਆਖਣ ਲਗ ਗਏ ਸੀ। ਤੁਸੀਂ ਉਨ੍ਹਾਂ ਦੀ ਬਦਨਾਮੀ ਨਹੀਂ ਹੋਣ ਦਿੱਤੀ। ਅੱਜ ਸਾਰੀ ਦੁਨੀਆਂ ਨੇ ਇਸ ਅੰਦੋਲਨ ਦੀ ਸ਼ਲਾਘਾ ਕੀਤੀ ਹੈ। ਮੈਂ ਇਸ ਲਈ ਤੁਹਾਡਾ ਸਤਿਕਾਰ ਕਰਦਾ ਤੁਹਾਨੂੰ ਫਿਰ ਜੀ ਆਇਆਂ ਆਖਦਾ।

ਸ੍ਰੀ ਸਤਿਗੁਰੂ ਜੀ ਨੇ ਸਰਦਾਰ ਬਲਬੀਰ ਸਿੰਘ ਰਾਜੇਵਾਲ ਨੂੰ ਸਰੋਪਾ ਦੇ ਕੇ ਸਨਮਾਨਿਤ ਕੀਤਾ। ਸ. ਕੁਲਦੀਪ ਸਿੰਘ ਬਜੀਦਪੁਰ ਵੀ ਨੂੰ ਵੀ ਸਨਮਾਨਿਤ ਕੀਤਾ।

**ਨਿਤਨੇਮ ਤੇ ਕੀਰਤਨ** ਹਰ ਰੋਜ਼ ਦੀ ਤਰ੍ਹਾਂ ਨਿਤਨੇਮ ਦੀ ਅਰਦਾਸ ਕੀਤੀ ਗਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜ਼ਾਂ ਦੇ ਨਾਲ ਕੀਰਤਨ ਗਾਇਨ ਕੀਤਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਰਾਤ ਦੇ ਦੀਵਾਨਾਂ ਬਾਰੇ ਦੱਸਿਆ ਗਿਆ। ਅੱਜ ਰਾਤ ਦੇ ਦੀਵਾਨਾਂ ਵਿਚ **ਜਥੇ. ਗੁਰਤੇਜ ਸਿੰਘ ਮੁਹਾਵਾ** 'ਗੁਰ ਸਿਖੀ ਬਾਰੀਕ ਹੈ', ਦੀਵਾਨ ਸਜਾਇਆ।

**ਕਵੀ ਦਰਬਾਰ** ਅੱਜ ਮੇਲੇ ਦੇ ਤੀਸਰੇ ਦਿਨ ਰਾਤ ਨੂੰ ਕਵੀ ਦਰਬਾਰ ਹੋਇਆ। ਜਿਸ ਵਿੱਚ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਤੋਂ ਇਲਾਵਾ ਹੋਰ ਕਵੀਆਂ ਨੇ

ਆਪਣੀਆਂ-ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਸ. ਗੁਰਭੇਜ ਸਿੰਘ ਗੁਰਾਇਆ, ਸੰਤ ਨਿਸ਼ਾਨ ਸਿੰਘ, ਗੁਰਸੇਵਕ ਸਿੰਘ ਤੇ ਗੁਰਦੇਵ ਸਿੰਘ ਚੀਮਾ ਨੇ ਪ੍ਰਧਾਨਗੀ ਤੇ ਕਵੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਵੱਖ-ਵੱਖ ਕਵੀਆਂ ਦੇ ਨਾਮ ਇਸ ਪ੍ਰਕਾਰ ਹਨ। ਮਾ. ਅਮਰੀਕ ਸਿੰਘ, ਜੋਗਿੰਦਰ ਸਿੰਘ ਕੰਗ, ਜਸਵਿੰਦਰ ਸਿੰਘ ਭਿੰਡਰ, ਬੇਅੰਤ ਸਿੰਘ ਸੋਖਲ, ਬਿਸ਼ਨ ਦਾਸ, ਅਮਰੀਕ ਸਿੰਘ, ਗੁਰਸੇਵਕ ਸਿੰਘ ਢਿੱਲੋਂ, ਰਜਿੰਦਰ ਕੌਰ ਪੰਨੂ, ਬਲਬੀਰ ਸਿੰਘ ਢਿੱਲੋਂ, ਗੁਰਭਗਤ ਸਿੰਘ, ਤਰਨ ਬੱਲ, ਰਣਜੀਤ ਸਿੰਘ ਜੀਤ, ਸਰਬਜੀਤ ਸਿੰਘ, ਪਰਮਜੀਤ ਸਿੰਘ ਰਾਗੀ, ਮੱਲ ਸਿੰਘ, ਜਗਵੀਰ ਸਿੰਘ ਵਿੱਕੀ, ਬਲਵੰਤ ਸਿੰਘ ਵਿਰਕ, ਹਰਬੰਸ ਸਿੰਘ ਰਾਏ, ਗੁਰਚਰਨ ਸਿੰਘ ਯਮੁਨਾਨਗਰ, ਬਲਜੀਤ ਸਿੰਘ, ਸੁਰਿੰਦਰ ਸਿੰਘ ਲੁਧਿਆਣਾ, ਰਣਜੀਤ ਕੌਰ, ਸ਼ਿੰਦਰ ਕੌਰ ਦਿੱਲੀ, ਡਾ. ਸਤਵੰਤ ਕੌਰ ਮਠਾੜੂ, ਆਸਾ ਸਿੰਘ ਜਗਜੀਤ ਨਗਰ, ਬੀਬੀ ਕੁਲਵੰਤ ਕੌਰ, ਭੁਪਿੰਦਰ ਸਿੰਘ ਜੌੜਕੀਆਂ, ਹਰਭਜਨ ਸਿੰਘ ਪ੍ਰਵਾਨਾ, ਕਿਰਪਾ ਸਿੰਘ, ਜਸਵੀਰ ਸਿੰਘ ਸਿੱਧੂ, ਪਰਮਜੀਤ ਕੌਰ ਮੰਡੀ, ਰਾਜਿੰਦਰ ਸਿੰਘ, ਬੀਬੀ ਸ਼ਿੰਦਰ ਕੌਰ ਸਿਰਸਾ, ਜਗਤਾਰ ਰਾਈਆਂ, ਹਰਪਾਲ ਸਿੰਘ ਸੋਧੀ, ਅਮਰੀਕ ਸਿੰਘ ਤੇ ਗੁਰਮੀਤ ਸਿੰਘ ਗੋਲਡੀ ਨੇ ਆਪਣੀਆਂ ਕਵਿਤਾਵਾਂ ਸੰਗਤ ਨੂੰ ਸੁਣਾਈਆਂ।

**16-10-2021 ਮੇਲੇ ਦਾ ਚੌਥਾ ਦਿਨ**

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥** ਸ਼ਬਦ ਦੇ ਨਾਲ ਹੀ ਅੱਜ ਆਸਾ ਦੀ ਵਾਰ ਦਾ ਕੀਰਤਨ, ਵਾਰੇ ਦੇ ਰੂਪ ਵਿੱਚ ਢੋਲਕੀ ਛੈਣਿਆਂ ਦੇ ਨਾਲ ਗਾਇਣ ਕੀਤਾ ਗਿਆ। ਅੱਜ ਮੇਲੇ ਦਾ ਆਖਰੀ ਦਿਨ ਸੀ। ਅਗਲੇ ਦਿਨ ਸਵੇਰੇ ਅਨੰਦ ਕਾਰਜਾਂ ਦੇ ਨਾਲ ਹੀ ਮੇਲੇ ਦੀ ਸਮਾਪਤੀ ਹੋਣੀ ਹੈ। ਸੰਗਤਾਂ ਦਾ ਠਾਟਾਂ ਮਾਰਦਾ ਸਮੁੰਦਰ ਅੱਗੇ ਪੰਡਾਲ ਵੀ ਛੋਟਾ ਪੈ ਗਿਆ ਸੀ। ਕੋਰੋਨਾ ਕਰਕੇ ਪੂਰੇ ਦੋ ਸਾਲ ਸੰਗਤ ਨੂੰ ਇਕੱਠੇ ਹੋਣ ਦਾ ਸਮਾਂ ਨਹੀਂ ਮਿਲਿਆ ਸੀ। ਸਤਿਗੁਰੂ ਜੀ ਕ੍ਰਿਪਾ ਨਾਲ ਸੰਗਤਾਂ ਨੂੰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

**ਹਰਪਾਲ ਸਿੰਘ ਸੇਵਕ** ਵਾਰ ਦੇ ਭੋਗ ਤੋਂ ਬਾਅਦ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਫੁਲਵਾੜੀ ਬਣਾਈ ਆਪਣੀ ਜਗ੍ਹਾ ਨਵੇਂ ਮਾਲੀ ਗੁਰੂ ਅੰਗਦ ਦੇਵ ਜੀ ਨੂੰ ਸਥਾਪਿਤ ਕਰ ਇਸ ਫੁਲਵਾੜੀ ਨੂੰ ਸਦਾ ਲਈ ਸੁਰੱਖਿਅਤ ਕਰ ਦਿੱਤਾ। ਸਮੇਂ-ਸਮੇਂ ਤੇ ਗੁਰੂ ਸਾਹਿਬਾਂ ਨੇ ਆਪਣੀਆਂ ਬਖ਼ਸ਼ਿਸ਼ਾਂ ਮੇਰਾ ਨਾਲ ਇਸ ਨੂੰ ਸਿਰਜਿਆ ਸੰਵਾਰਿਆ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਫੁਲਵਾੜੀ ਨੂੰ ਨਵਾਂ ਸਰੂਪ ਅਤੇ ਨਾਮ ਦਿੱਤਾ ਅੰਮ੍ਰਿਤ ਛਕਾ ਕੇ ਖ਼ਾਲਸਾ ਬਣਾਇਆ ਬਾਅਦ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਨਾਮ ਦਿੱਤਾ।

ਹਰਪਾਲ ਸਿੰਘ ਸੇਵਕ ਨੇ ਦੱਸਿਆ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਉਪਦੇਸ਼ ਵਿੱਚ ਆਖਦੇ ਹਨ, ਇਹ ਸਿੱਖੀ ਫੁਲਵਾੜੀ ਗੁਲਾਬ ਦੇ ਫੁੱਲ ਵਰਗੀ ਹੈ। ਜਿਸ ਵਿਚ ਖੁਸ਼ਬੂ ਹੈ, ਖ਼ੂਬਸੂਰਤੀ ਹੈ ਅਤੇ ਜਿਸ ਵਿੱਚ ਔਸ਼ਧੀ ਗੁਣ ਵੀ ਹਨ। ਇਸ ਤਰ੍ਹਾਂ ਇਹ ਸਿੱਖੀ ਫੁਲਵਾੜੀ ਵਿੱਚ ਸੇਵਾ ਸਿਮਰਨ ਕੁਰਬਾਨੀ ਦੀਆਂ ਸੁਗੰਧੀਆਂ ਨੇ ਜਿਸ ਫੁਲਵਾੜੀ ਨੇ ਵਿਸ਼ਵ ਕਲਿਆਣ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਨੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਲੋਕ ਪਰਲੋਕ ਦੇ ਸੁਖ ਦਿੱਤੇ ਹਨ। ਇਹ ਜਪੁ ਪ੍ਰਯੋਗ ਅੱਜ ਲਗਭਗ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ। ਇਹ ਸਤਿਗੁਰੂ ਜੀ ਦੀ ਕਿਰਪਾ ਹੈ। ਹਰਪਾਲ ਸਿੰਘ ਨੇ ਦੱਸਿਆ ਕਿ ਜਿਥੇ ਸਿੱਖੀ ਵਿੱਚ ਕੇਸਾਧਾਰੀ ਸਿਖ ਹਨ, ਉਥੇ ਸਹਿਜਧਾਰੀ ਵੀ ਸਿੱਖ ਹਨ। ਭਾਵੇਂ ਅੱਜ ਬਹੁਤ ਸਾਰੇ ਲੋਕ ਸਹਿਜਧਾਰੀਆਂ ਨੂੰ ਵੋਟਾਂ ਦੇ ਮਸਲਿਆਂ ਕਾਰਨ ਸਿੱਖੀ ਚੋਂ ਖਾਰਜ ਕਰਦੇ ਹਨ। ਸਿੱਖ ਇਤਿਹਾਸ ਦੱਸਦਾ ਹੈ ਕਿ ਬਹੁਤ ਵੱਡੇ ਸਹਿਜਧਾਰੀ ਸਿੱਖ ਕਿੰਨੀਆਂ ਵੱਡੀਆਂ ਪ੍ਰਾਪਤੀਆਂ ਅਧਿਆਤਮਕ ਮੰਡਲ ਚ ਕਰ ਗਏ। ਨਾਮਧਾਰੀ ਪੰਥ ਵਿੱਚ ਅੱਜ ਵੀ ਸਹਿਜਧਾਰੀ ਸਿੱਖ ਹਨ। ਜੋ ਪੂਰੀ ਸ਼ਰਧਾ ਭਾਵਨਾ ਨਾਲ ਸੰਗਤ ਵਿੱਚ ਆਉਂਦੇ ਹਨ ਤੇ ਸੇਵਾ ਸਿਮਰਨ ਕਰਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਲਾਲਾ ਮੋਹਨ ਲਾਲ ਜੀ ਉਨ੍ਹਾਂ ਦੇ ਲੜਕੇ ਬੀਰ ਚੰਦ ਜੀ, ਇਹ ਪਰਿਵਾਰ ਮਾਈਸਰ ਖਾਨੇ ਰਹਿੰਦਾ ਸੀ। ਜੋ ਨਾਮਧਾਰੀਆਂ ਦਾ ਗੜ੍ਹ ਸੀ। 1927 ਦੇ ਕਰੀਬ ਇਹ ਪਰਿਵਾਰ ਪੰਜਾਬ ਤੋਂ ਬਾਹਰਲੇ ਮੁਲ਼ਕ ਚਲਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਆਖਦੇ ਹਨ। ਇਹ ਪਰਿਵਾਰ ਦੇ ਮੈਂਬਰ ਅੱਠ-ਅੱਠ ਘੰਟੇ ਭਜਨ ਕਰਦੇ ਹਨ। ਇਸ ਅੱਸੂ ਦੇ ਮੇਲੇ ਦੀ ਸੇਵਾ ਮੰਗਤ ਰਾਏ ਮੋਦੀ ਜੀ ਪਰਿਵਾਰ ਕਰ ਰਹੇ ਹਨ। ਮੋਦੀ ਜੀ ਦਾ ਆਨੰਦ ਕਾਰਜ 1975 ਵਿੱਚ ਲਾਲਾ ਬੁੱਧ ਰਾਮ ਦੀ ਸਪੁੱਤਰੀ ਨਾਲ ਹੋਇਆ। ਇਹ ਆਨੰਦ ਕਾਰਜ ਹੀ ਸਤਿਗੁਰੂ ਜੀ ਦੇ ਘਰ ਨਾਲ ਸਾਂਝ ਦਾ ਮਾਧਿਅਮ ਬਣਿਆ। ਬੁੱਧ ਰਾਮ ਦੇ ਪਰਿਵਾਰ ਦੇ ਜੀਆਂ ਤੇ ਸਤਿਗੁਰੂ ਜੀ ਦੀ ਐਸੀ ਕਿਰਪਾ ਸੀ ਕਿ ਕੁੜੀਆਂ ਵੀ ਜਿਨ੍ਹਾਂ ਘਰਾਂ 'ਚ ਗਈਆਂ। ਉਹ ਪਰਿਵਾਰ ਜਿਥੇ ਖੁਸ਼ਹਾਲ ਹੋ ਗਏ, ਉਥੇ ਸਿੱਖੀ ਨਾਲ ਵੀ ਜੁੜੇ ਇਹ ਮੰਗਤ ਰਾਏ ਦਾ ਪਰਿਵਾਰ ਯੂਗਾਂਡਾ ਰਹਿੰਦਾ ਹੈ ਇਨ੍ਹਾਂ ਦੇ ਸਪੁੱਤਰਾਂ

ਦੇ ਵੀ ਸਤਿਗੁਰੂ ਜੀ ਦੀ ਬੜੀ ਕਿਰਪਾ ਹੈ। ਦੀਪਕ ਮੋਦੀ, ਰਾਜਨ ਮੋਦੀ, ਯੁਗੇਸ਼ ਮੋਦੀ। ਦੀਪਕ ਮੋਦੀ ਕਹਿ ਰਹੇ ਸਨ, ਸਾਡੇ ਵੱਡੇ ਭਾਗ ਸਾਨੂੰ ਸਾਰੇ ਭਰਾਵਾਂ ਨੂੰ ਅਫ਼ਰੀਕਾ ਦੀਆਂ ਫੇਰੀਆਂ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਡੀ ਚਲਾਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਪਰਿਵਾਰ ਉੱਤੇ ਸਤਿਗੁਰੂ ਜੀ ਦੀ ਬਹੁਤ ਵੱਡੀ ਬਖਸ਼ਿਸ਼ ਹੈ।

**ਸਵੇਰ ਦੇ ਦੀਵਾਨ–** ਅੱਜ ਮੇਲੇ ਦਾ ਆਖਰੀ ਦਿਨ ਸੀ। ਸਭ ਤੋਂ ਪਹਿਲਾਂ **ਸੂਬਾ ਬਲਵਿੰਦਰ ਸਿੰਘ ਚੱਕਯਕੂਬ** 'ਸਚਹੁ ਓਰੈ ਸਭੁ ਕੋ', **ਕਵੀ ਦਿਲਬਾਗ ਸਿੰਘ ਵਲਟੋਹਾ** 'ਸੂਰਾ ਸੋ ਪਹਿਚਾਨੀਐ', **ਕਵੀਸ਼ਰ ਗੁਰਲਾਲ ਸਿੰਘ** ਨੇ ਭਗਤ ਪੀਪਾ, **ਜਥੇ. ਗੁਰਲਾਲ ਸਿੰਘ** ਸ੍ਰੀ ਭੈਣੀ ਸਾਹਿਬ 'ਦੇਹਧਾਰੀ ਗੁਰੂ ਦੀ ਲੋੜ', ਪ੍ਰਕਰਣ ਉੱਤੇ ਦੀਵਾਨ ਸਜਾਇਆ।

**ਸ੍ਰੀ ਦਸਮ ਗ੍ਰੰਥ ਸਾਹਿਬ ਦੀ ਦੂਸਰੀ ਪੋਥੀ ਸ੍ਰੀ ਸਤਿਗੁਰੂ ਜੀ ਨੇ ਰਿਲੀਜ਼ ਕੀਤੀ।**

ਨਿੱਤਨੇਮ ਦੀ ਅਰਦਾਸ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਜੀ ਅਤੇ ਮਲਕੀਤ ਸਿੰਘ ਹੋਰਾਂ ਨੇ ਸਤਿਗੁਰੂ ਜੀ ਨੂੰ ਨਾਮਧਾਰੀ ਦਰਬਾਰ ਵੱਲੋਂ ਛਪਾਈ ਗਈ। 'ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ' ਦੀ ਦੂਸਰੀ ਪੋਥੀ ਭੇਟ ਕੀਤੀ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਦਸਮ ਬਾਣੀ ਦੀ ਸੁਧਾਈ ਦਾ ਕਾਰਜ ਬਹੁਤ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਮਾਸਟਰ ਦਰਸ਼ਨ ਸਿੰਘ ਜੀ ਸੰਤ ਨਿਸ਼ਾਨ ਸਿੰਘ ਜੀ ਦੀ ਅਗਵਾਈ ਵਿਚ ਕਾਰਜ ਬਹੁਤ ਚੰਗੀ ਤਰ੍ਹਾਂ ਨੇਪਰੇ ਚੜ੍ਹ ਗਿਆ। ਸੰਤ ਨਿਸ਼ਾਨ ਸਿੰਘ ਹੋਣਾ ਦੱਸਿਆ ਮਾਸਟਰ ਜੀ ਆਪਣੇ ਹੁੰਦਿਆਂ ਬਹੁਤ ਕੰਮ ਹੋ ਚੁੱਕਿਆ ਸੀ ਤੇ ਪਹਿਲੀ ਪੋਥੀ ਸੰਗਤ ਲਈ ਸਤਿਗੁਰੂ ਜੀ ਰਿਲੀਜ਼ ਕਰ ਚੁੱਕੇ ਹਨ। ਮਾਸਟਰ ਜੀ ਦੇ ਜਾਣ ਤੋਂ ਬਾਅਦ ਦੂਜੀ ਪੋਥੀ ਦਾ ਸਾਰਾ ਕੰਮ ਸੰਤ ਨਿਸ਼ਾਨ ਸਿੰਘ ਹੁਰਾਂ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ। ਸਖ਼ਤ ਮਿਹਨਤ ਤੋਂ ਬਾਅਦ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਜ ਦੂਜੀ ਪੋਥੀ ਵੀ ਛਪ ਕੇ ਤਿਆਰ ਹੈ। ਸੰਤ ਜੀ ਨੇ ਮਲਕੀਤ ਸਿੰਘ ਪੁੱਤਰ ਸਾਧੂ ਸਿੰਘ ਹੁਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਕਿਉਂਕਿ ਪੋਥੀ ਦੀ ਸੁਧਾਈ ਲਈ ਕੰਪਿਊਟਰ ਦੇ ਕੰਮ ਵਿੱਚ ਮਲਕੀਤ ਸਿੰਘ ਹੋਰਾਂ ਨੇ ਬਹੁਤ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ ਹੈ।

**ਜੀਵਨ ਰਚਨਾਵਲੀ ਕਿਤਾਬ ਸਤਿਗੁਰੂ ਜੀ ਨੂੰ ਭੇਟ**

'ਜੀਵਨ ਰਚਨਾਵਲੀ' ਕਵੀ ਜੀਵਨ ਸਿੰਘ ਜੀ ਦੀਆਂ ਸੰਪੂਰਨ ਕਵਿਤਾਵਾਂ ਨੂੰ ਇਕੱਠਾ ਕਰਕੇ ਇੱਕ ਪੁਸਤਕ ਦੇ ਰੂਪ ਵਿੱਚ ਸੰਕਲਿਤ ਕਰ ਲਿਆ ਗਿਆ ਹੈ। ਸੁਵਰਨ ਸਿੰਘ ਵਿਰਕ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕੇ ਸਤਿਗੁਰੂ ਜੀ ਦੀ ਇੱਛਾ ਸੀ ਕਿ ਕਵੀਸ਼ਰ ਜੀ ਦੀਆਂ ਸਾਰੀਆਂ ਰਚਨਾਵਾਂ ਨੂੰ ਇਕੱਠਾ ਕੀਤਾ ਜਾਵੇ। ਸਤਿਗੁਰੂ ਜੀ ਨੇ ਵਿਸ਼ੇਸ਼ ਦਿਲਚਸਪੀ ਲੈ ਕੇ ਇਹ ਕਾਰਜ ਲਈ ਨੌਜੁਵਾਨ ਸੰਗੀਤਕਾਰ ਤੇ ਕਵੀਸ਼ਰ ਗੁਰਭਗਤ ਸਿੰਘ ਨੂੰ ਚੁਣਿਆ ਸਖ਼ਤ ਮਿਹਨਤ ਤੋਂ ਬਾਅਦ ਕਵੀਸ਼ਰ ਜੀ ਦੀਆਂ ਜਿੰਨੀਆਂ ਰਚਨਾਵਾਂ ਉਪਲੱਬਧ ਹੋ ਸਕੀਆਂ। ਉਨ੍ਹਾਂ ਨੂੰ ਇਕੱਠਾ ਕਰਕੇ ਪੁਸਤਕ ਰੂਪ ਵਿਚ ਸੰਗਤ ਲਈ ਤਿਆਰ ਕੀਤਾ ਗਿਆ ਹੈ। ਵਿਰਕ ਜੀ ਨੇ ਗੁਰਭਗਤ ਸਿੰਘ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸੰਗੀਤ ਵਿੱਚ ਐੱਮ.ਏ., ਬੀ.ਐੱਡ. ਕਰ ਚੁੱਕਾ ਹੈ। ਏਸ ਦੇ ਪਿਤਾ ਸ. ਗੁਰਜੀਤ ਸਿੰਘ ਲੰਮਾ ਸਮਾਂ ਕਵੀਸ਼ਰੀ ਕਰਦੇ ਰਹੇ ਹਨ।

ਕਵੀ ਜੀਵਨ ਸਿੰਘ ਹੋਰਾਂ ਦੇ ਜੀਵਨ ਤੇ ਵਿਰਕ ਜੀ ਨੇ ਸੰਖੇਪ ਜਾਣਕਾਰੀ ਦਿੱਤੀ। ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਪੁਸਤਕ ਜੀਵਨ ਰਚਨਾਵਲੀ ਨੂੰ ਰਿਲੀਜ਼ ਕੀਤਾ। ਗੁਰਭਗਤ ਸਿੰਘ ਦੇ ਨਾਲ ਕਵੀ ਜੀਵਨ ਸਿੰਘ ਜੀ ਦੇ ਸ਼ਾਗਿਰਦ ਤੇ ਸਾਥੀ ਕਵੀ ਹਰਵੇਲ ਸਿੰਘ ਵੀ ਹਾਜ਼ਰ ਸਨ। ਸਤਿਗੁਰੂ ਜੀ ਨੇ ਗੁਰਭਗਤ ਸਿੰਘ ਨੂੰ ਕਵੀ ਜੀ ਦੀ ਇੱਕ ਕਵਿਤਾ ਸੁਣਾਨ ਦਾ ਹੁਕਮ ਕੀਤਾ ਗੁਰਭਗਤ ਸਿੰਘ ਨੇ ਕਿਤਾਬ ਵਿਚੋਂ ਇਕ ਕਵਿਤਾ ਪੜ੍ਹ ਕੇ ਸੁਣਾਈ–

ਹੈ ਸਰਬ ਕਲਾ ਸਮਰੱਥ ਸਦਾ,<br>
ਜਿਸਦਾ ਸਭ ਉੱਪਰ ਹੱਥ ਸਦਾ<br>
ਹਾਜ਼ਰ ਹਰ ਦਮ ਹਰ ਵੱਥ ਸਦਾ,<br>
ਜਿਸ ਦੇ ਸਭ ਜੀਵ ਭਿਖਾਰੀ ਏ<br>
ਉਸ ਨੂੰ ਪ੍ਰਣਾਮ ਹਮਾਰੀ ਹੈ।

**ਸਤਨਾਮ ਕੋਮਲ** ਨੇ ਸਤਿਗੁਰੂ ਤੇਗ ਬਹਾਦਰ ਜੀ ਬਾਰੇ ਬਹੁਤ ਸੁੰਦਰ ਕਵਿਤਾ ਪੇਸ਼ ਕੀਤੀ–

ਬਾਗੀ ਰੱਬ ਨੂੰ ਕਹਿਣ ਦੀ ਜੁਅਰਤ ਕੀਤੀ<br>
ਕੈਦ ਕਰਨ ਦੇ ਸ਼ਾਹੀ ਫੁਰਮਾਨ ਹੋ ਗਏ।<br>
ਅੱਖ ਸਮੇਂ ਦੀ ਸੁਣ ਕੇ ਸੁਰਖ਼ ਹੋ ਗਈ<br>
ਧਰਤ ਸਹਿਮ ਗਈ ਸੋਗੀ ਇਨਸਾਨ ਹੋਗੇ।

**ਪਦਮ ਸ੍ਰੀ ਸੁਰਜੀਤ ਪਾਤਰ ਸਾਹਿਬ** ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸਿਧਾਂਤ ਬਾਰੇ ਵਿਸਥਾਰ ਨਾਲ ਦੱਸਿਆ ਪਾਤਰ ਜੀ ਨੇ ਕਿਹਾ–

ਜਦ ਸੀਸ ਕਲਮ ਹੋਇਆ ਉਹਦੀ ਰਤ ਦੀ ਸਿਆਹੀ ਸੀ।<br>
ਧਰਤੀ ਦੇ ਕਾਗ਼ਜ਼ ਤੇ ਸਤਿਗੁਰੂ ਦੀ ਗਵਾਹੀ ਸੀ।

ਗੁਰੂ ਤੇਗ ਬਹਾਦਰ ਜੀ ਨੇ ਦੁਨੀਆਂ ਨੂੰ ਇਹ ਸਮਝਾ

ਦਿੱਤਾ ਕਿ ਕੋਈ ਤੁਹਾਨੂੰ ਤਲਵਾਰ ਨਾਲ ਤੁਹਾਡਾ ਅਕੀਦਾ ਬਦਲਾਣ ਆਵੇ ਤਾਂ ਤੁਸੀਂ ਮਰਨਾ ਕਬੂਲ ਕਰਨਾ ਦੂਜਾ ਭਾਵੇਂ ਤੁਸੀਂ ਕਿਸੇ ਦੇ ਅਕੀਦੇ ਦੇ ਨਾਲ ਸਹਿਮਤ ਨਹੀਂ ਪਰ ਫਿਰ ਵੀ ਉਸ ਦੇ ਅਕੀਦੇ ਲਈ ਜਾਨ ਕੁਰਬਾਨ ਕਰਨੀ ਗੁਰੂ ਤੇਗ ਬਹਾਦਰ ਜੀ ਦੇ ਹਿੱਸੇ ਆਇਆ ਹੈ। ਸੱਚ ਲਈ ਖੜ੍ਹਨਾ ਸਾਡੇ ਗੁਰੂ ਸਾਹਿਬਾਨਾਂ ਨੇ ਸਾਨੂੰ ਦੱਸਿਆ ਹੈ।

**ਨਾਮ ਸਿਮਰਨ ਤੇ ਕੀਰਤਨ** ਦੁਪਿਹਰ ਵੇਲੇ ਨਿਤਨੇਮ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਤੇ ਸਰਵਣ ਕੀਤਾ ਗਿਆ। ਦੂਰ ਦੁਰੇਡੇ ਤੋਂ ਆਈਆਂ ਸੰਗਤਾਂ ਨੇ ਸਮੇਂ ਦਾ ਭਰਪੂਰ ਆਨੰਦ ਮਾਣਿਆ। ਨਿਤਨੇਮ ਤੋਂ ਬਾਅਦ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜ਼ਾਂ ਦੇ ਨਾਲ ਕੀਰਤਨ ਗਾਇਨ ਕੀਤਾ। ਮੇਲੇ ਦੇ ਆਖ਼ਰੀ ਪਲ ਬੀਤ ਰਹੇ ਸਨ। ਸੰਗਤਾਂ ਦਾ ਇਕੱਠ ਵੀ ਵੱਧਦਾ ਜਾ ਰਿਹਾ ਸੀ। ਬਸ ਰਾਤ ਹੀ ਬਾਕੀ ਸੀ। ਸਵੇਰ ਵੇਲੇ ਤਾਂ ਸਮਾਪਤੀ ਹੋ ਜਾਣੀ ਹੈ।

**ਰਾਤ ਦੇ ਦੀਵਾਨ - ਜਥੇ. ਹਰਪ੍ਰੀਤ ਸਿੰਘ ਪਾਣੀਪਤ** ਨੇ ਉੱਚੀਆਂ ਸੁਰਾਂ ਦੇ ਵਿਚ 'ਜਬ ਆਪਾ ਪਰ ਕਾ ਮਿਟਿ ਗਇਆ', ਉਪਰ ਹੱਲੇ ਦਾ ਦੀਵਾਨ ਸਜਾਇਆ। **ਜਥੇ. ਸੂਬਾ ਸਵਿੰਦਰ ਸਿੰਘ ਗੁਣਾ** ਨੇ 'ਸਤਿਗੁਰ ਪੂਰਾ ਵੈਦੁ ਹੈ, **ਜਥੇ. ਗੁਰਬਚਨ ਸਿੰਘ ਵੀਰੋਕੇ** 'ਸਬਰ ਸੰਤੋਖ', **ਜਥੇ. ਪ੍ਰੀਤਮ ਸਿੰਘ** ਸ੍ਰੀ ਭੈਣੀ ਸਾਹਿਬ 'ਸਰਬ ਸੁਖਾ ਕਾ ਦਾਤਾ ਸਤਿਗੁਰੁ', **ਕਵੀ ਮੱਖਣ ਸਿੰਘ ਮੱਲੇਕੇ** 'ਪੂਰਣ ਗੁਰਸਿੱਖ ਦੀ ਜੀਵਨੀ', **ਜਥੇ. ਜਸਬੀਰ ਸਿੰਘ ਖਿਆਲਾ** ਨੇ ਤੇ **ਜਥੇ. ਸਵਰਨ ਸਿੰਘ ਦਿੱਲੀ** ਨੇ ਆਪਣੇ ਆਪਣੇ ਮਜ਼ਮੂਨਾ ਤੇ ਹੱਲੇ ਦਾ ਦੀਵਾਨ ਸਜਾਇਆ। ਉਪਰੰਤ ਅਰਦਾਸ ਦੇ ਨਾਲ ਹੀ ਸਮਾਪਤੀ ਹੋਈ।

**ਮੇਲੇ ਦਾ ਅੰਤਮ ਦਿਨ (17-10-2021) –** ਅੱਜ ਮੇਲੇ ਦਾ ਆਖ਼ਰੀ ਦਿਨ ਸੀ। ਮਹੀਨਾ ਭਰ ਤੋਂ ਨਾਮ ਸਿਮਰਨ ਜਪੁ ਪ੍ਰਯੋਗ ਚਲਦਾ ਰਿਹਾ। ਜਿਸ ਵਿਚ ਦੂਰ-ਦੁਰੇਡੇ ਤੋਂ ਸੰਗਤਾਂ ਨੇ ਹਾਜ਼ਰੀ ਲਾਈ। ਕੋਰੋਨਾ-ਕਾਲ ਸਮੇਂ ਇੰਨਾ ਵੱਡਾ ਮੇਲਾ ਜਾਂ ਇਕੱਠ ਨਹੀਂ ਹੋਇਆ ਪਰ ਦੋ ਸਾਲ ਬਾਅਦ ਇਸ ਮੇਲੇ ਵਿੱਚ ਸਾਧ-ਸੰਗਤ ਨੇ ਸ਼ਿਰਕਤ ਕੀਤੀ। ਇਸ ਵਾਰੀ ਵਿਦੇਸ਼ਾਂ ਤੋਂ ਵੀ ਜ਼ਿਆਦਾ ਸੰਗਤ ਨਹੀਂ ਆ ਸਕੀ। ਮੇਲੇ ਦਾ ਇੰਤਜ਼ਾਮ ਬਾਹਰ ਖੁੱਲ੍ਹੇ ਪੰਡਾਲ ਵਿਚ ਕੀਤਾ ਗਿਆ। ਇਹ ਸਾਰਾ ਪੰਡਾਲ ਹੀ ਵਾਟਰਪਰੂਫ ਸੀ। ਪੰਡਾਲ ਬਹੁਤ ਹੀ ਸੁੰਦਰ ਢੰਗ ਨਾਲ ਤਿਆਰ ਕੀਤਾ ਗਿਆ ਸੀ। ਸਟੇਜ ਦੇ ਪਿਛੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਾਊਸ ਵਾਲੀ ਬਹੁਤ ਹੀ ਸੁੰਦਰ ਤਸਵੀਰ ਸੀ। ਦੂਸਰੇ ਪਾਸੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸ਼ਹੀਦੀ ਸਾਕੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਤਸਵੀਰਾਂ ਸਨ। ਗੁਰੂ ਤੇਗ ਬਹਾਦਰ ਜੀ ਦਾ 400 ਸਾਲਾਂ ਪ੍ਰਕਾਸ਼ ਪੁਰਬ ਤੇ ਨਾਮਧਾਰੀ ਸ਼ਹੀਦਾ ਦਾ 150 ਵਰ੍ਹਾ ਮਨਾਇਆ ਜਾ ਰਿਹਾ ਹੈ। ਸਾਧ ਸੰਗਤ ਦੇ ਬੈਠਣ ਵਾਸਤੇ ਵਧੀਆ ਗੱਦਿਆਂ ਦਾ ਇੰਤਜ਼ਾਮ ਸੀ। ਸੰਗਤ ਦੀ ਸਹੂਲਤ ਮੁਤਾਬਕ ਪੰਡਾਲ ਵਿੱਚ ਕੂਲਰਾਂ ਤੇ ਪੱਖਿਆਂ ਦਾ ਇੰਤਜ਼ਾਮ ਸੀ। ਪੰਡਾਲ ਦੇ ਦੋਨਾਂ ਪਾਸਿਆਂ 'ਤੇ ਬਿਰਧ ਸਿੰਘਾਂ ਤੇ ਬੀਬੀਆਂ ਦੇ ਬੈਠਣ ਲਈ ਕੁਰਸੀਆਂ ਲਗਾਈਆਂ ਗਈਆਂ ਸਨ। ਹਾਕੀ ਖਿਡਾਰੀ ਸੰਤ ਸੁਖਦੇਵ ਸਿੰਘ ਦੀ ਟੀਮ ਦੀ ਮਿਹਨਤ ਸਦਕਾ ਪੰਡਾਲ ਨੂੰ ਵੱਖ-ਵੱਖ ਤਰ੍ਹਾਂ ਦੇ ਗਮਲਿਆਂ ਦੇ ਬੂਟਿਆਂ ਦੇ ਨਾਲ ਸ਼ਿੰਗਾਰਿਆ ਗਿਆ ਸੀ। ਸਟੇਜ ਵੀ ਫੁੱਲਾਂ ਦੇ ਨਾਲ ਸਜਾਈ ਗਈ ਸੀ। ਮੇਨ ਗੇਟ ਤੋਂ ਲੈ ਕੇ ਪੰਡਾਲ ਤੱਕ ਚਾਨਣੀਆਂ ਅਤੇ ਫੁੱਲ-ਬੂਟਿਆਂ ਨਾਲ ਰਸਤੇ ਨੂੰ ਸਜਾਇਆ ਗਿਆ ਸੀ।

**ਆਸਾ ਦੀ ਵਾਰ–** ਠੀਕ 3 ਵਜੇ ਜਪ-ਪ੍ਰਯੋਗ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਗੁਰਦਿੱਤ ਸਿੰਘ, ਕਿਰਪਾਲ ਸਿੰਘ, ਬਲਵੰਤ ਸਿੰਘ ਸਤਨਾਮ ਸਿੰਘ, ਸਰਮੁੱਖ ਸਿੰਘ ਤੇ ਬਾਕੀ ਰਾਗੀ ਸਿੰਘਾਂ ਨੇ ਆਰੰਭ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇਣ ਦੀ ਕਿਰਪਾ ਕੀਤੀ ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ।

**ਆਨੰਦ ਕਾਰਜ–** ਬੇਦੀ ਗੱਡ ਕੇ ਹਵਨ ਕਰ 13 ਅਨੰਦ ਕਾਰਜ ਕੀਤੇ ਗਏ। ਸਾਰੇ ਵਿਆਹ ਵਾਲੇ ਜੋੜੇ ਸਾਦੇ ਕਪੜਿਆਂ ਵਿੱਚ ਬਿਰਾਜਮਾਨ ਸਨ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੋਂ ਲਾਵਾਂ ਦੇ ਸ਼ਲੋਕ ਪੜ੍ਹੇ ਗਏ।

**ਸਧਾਰਨ ਪਾਠਾਂ ਦੇ ਭੋਗ**- ਇਸ ਸਮੇਂ 827 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ 9 ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਏ।

**ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠ**

2 ਪਾਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ

7 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ**

751 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

15 ਪਾਠ ਅਨੰਦ ਕਾਰਜ ਵਾਲਿਆਂ ਵੱਲੋਂ
5 ਪਾਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ
4 ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਯਾਦ ਵਿੱਚ
19 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
16 ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ
5 ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ
1 ਪਾਠ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ
11 ਪਾਠ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ

**ਅਰਦਾਸ –** ਅੱਸੂ ਦੇ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ। ਇਸ ਅੱਸੂ ਦੇ ਮੇਲੇ ਦੀ ਸੇਵਾ ਸ੍ਰੀ ਮੰਗਤ ਰਾਏ ਮੋਦੀ ਜੀ ਦੇ ਸਮੁੱਚੇ ਪਰਿਵਾਰ ਵੱਲੋਂ ਕੀਤੀ ਗਈ। ਇਸ ਪਰਿਵਾਰ ਨੇ ਸਾਰੇ ਮੇਲੇ ਦੀ ਸੇਵਾ ਤਨ, ਮਨ ਤੇ ਧਨ ਨਾਲ ਕੀਤੀ। ਇਸ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਤਿਲ ਫੁਲ ਭੇਟਾ ਕੀਤਾ। ਇਸ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਸਮੁੱਚੇ ਪਰਿਵਾਰ ਨੂੰ ਬੇਅੰਤ ਖੁਸ਼ੀਆਂ ਬਖ਼ਸ਼ੀਆਂ।

**ਉਪਦੇਸ਼** ਮੇਲੇ ਦੀ ਸਮਾਪਤੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣਾ ਪਾਵਨ ਪਵਿੱਤਰ ਉਪਦੇਸ਼ਾਂ ਸਾਧ-ਸੰਗਤ ਦੇ ਭਲੇ ਵਾਸਤੇ ਦਿੱਤਾ।

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਸੂ ਮਹੀਨੇ ਦਾ 117 ਵਾਂ ਜਪੁ ਪ੍ਰਯੋਗ ਨਿਰਵਿਘਨ ਸਮਾਪਤ ਹੋਇਆ। ਸ੍ਰੀ ਸਤਿਗੁਰੂ ਜੀ ਦੇ ਦਰ ਤੇ ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਨੇ ਆ ਕੇ ਤਨ ਮਨ ਅਤੇ ਧਨ ਨਾਲ ਅਥਾਹ ਸੇਵਾ ਕੀਤੀ। ਸੇਵਾ ਤੇ ਸਿਮਰਨ ਦਾ ਮਹਾਨ ਕੁੰਭ ਪੂਰਾ ਮਹੀਨਾ ਭਰ ਚਲਦਾ ਰਿਹਾ। ਜਿਸ ਦਾ ਸੰਗਤਾਂ ਨੇ ਭਰਪੂਰ ਆਨੰਦ ਲਿਆ। ਸੇਵਾ ਅਤੇ ਸਿਮਰਨ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਜੀ ਸਾਰੀ ਸੰਗਤ ਨੂੰ ਇਸ ਤਰ੍ਹਾਂ ਹੀ ਨਾਮ ਸਿਮਰਨ ਤੇ ਸੇਵਾ ਕਰਨ ਦਾ ਬਲ ਬਖਸ਼ਣ।

**ਸੇਵਾਦਾਰ– ਲੰਗਰ ਦੀ ਸੇਵਾ–** ਸੋਧ ਦੇ ਲੰਗਰ ਵਿੱਚ ਸੋਧੀ ਸਿੰਘ ਸਵੇਰੇ 2 ਵਜੇ ਤੋਂ ਆ ਕੇ ਲੰਗਰ ਦੀ ਤਿਆਰੀ ਕਰਦੇ ਸਨ। ਸੰਤ ਪਾਲ ਸਿੰਘ, ਗੁਰਚਰਨ ਸਿੰਘ, ਸਤਨਾਮ ਸਿੰਘ, ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ, ਬਸੰਤ ਸਿੰਘ, ਭੂਪ ਸਿੰਘ, ਨਿਸ਼ਾਨ ਸਿੰਘ, ਅਮਰ ਸਿੰਘ, ਗੁਰਭਗਤ ਸਿੰਘ ਤੇ ਸਾਥੀ ਸੋਧੀ ਸਿੰਘਾਂ ਨੇ ਦਿਨ ਰਾਤ ਲੰਗਰ ਦੀ ਸੇਵਾ ਕੀਤੀ। ਸ਼ਰਦਾਈ ਤੇ ਗਲੋਹ ਦੀ ਸੇਵਾ ਸੰਤ ਗੁਰਪ੍ਰੀਤ ਸਿੰਘ, ਗੁਰਭਗਤ ਸਿੰਘ, ਸਵਰਨ ਸਿੰਘ, ਗੰਗਾ ਸਿੰਘ, ਅਮਰ ਸਿੰਘ, ਗੰਗਾ ਸਿੰਘ, ਗੁਰਦੇਵ ਸਿੰਘ ਤੇ ਸਾਥੀ ਨੌਜਵਾਨਾਂ ਨੇ ਕੀਤੀ। **ਦੂਸਰੇ ਲੰਗਰ ਵਿੱਚ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ** ਵਿਚ ਸੈਂਕੜੇ ਬੀਬੀਆਂ ਸਵੇਰ ਤੋਂ ਲੈ ਕੇ ਸ਼ਾਮ ਤਕ ਪ੍ਰਸ਼ਾਦੇ ਪਕਾਉਣ, ਸਬਜ਼ੀ ਕੱਟਣ, ਭਾਂਡੇ ਮਾਂਜਣ ਅਤੇ ਸਫ਼ਾਈ ਦੀ ਸੇਵਾ ਤਨ ਤੇ ਮਨ ਨਾਲ ਕਰਦੀਆਂ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਹਰ ਰੋਜ਼ ਲੰਗਰ ਵਿਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕਰਕੇ ਸਾਧ ਸੰਗਤ ਨੂੰ ਛਕਾਏ ਜਾਂਦੇ ਰਹੇ।

**ਸਟੇਜ ਦੀ ਸੇਵਾ –** ਸੂਬਾ ਬਲਵਿੰਦਰ ਸਿੰਘ, ਸੰਤ ਨਿਸ਼ਾਨ ਸਿੰਘ, ਸ. ਸਵਰਨ ਸਿੰਘ ਵਿਰਕ, ਗੁਰਲਾਲ ਸਿੰਘ, ਜਥੇ. ਨਿਸ਼ਾਨ ਸਿੰਘ ਤੇ ਸਰਬਜੀਤ ਸਿੰਘ ਆਦਿ ਕਰਦੇ ਰਹੇ।

**ਪੰਡਾਲ ਵਿੱਚ ਪਹਿਰੇ ਦੀ ਸੇਵਾ** ਬੀਬੀ ਪਰਮਜੀਤ ਕੌਰ, ਬੀਬੀ ਸੋਮਾ, ਮਨਜੀਤ ਕੌਰ, ਗਗਨ ਤੇ ਸਾਥੀ ਬੀਬੀਆਂ ਵੱਲੋਂ ਕੀਤੀ ਗਈ।

ਸਿੰਘਾਂ ਵੱਲੋਂ ਗੁਰਦੇਵ ਸਿੰਘ, ਗੁਰਬਖਸ਼ ਸਿੰਘ, ਗੁਰਦੇਵ ਸਿੰਘ ਚੀਮਾ ਆਦਿ ਪਹਿਰੇ ਦੀ ਸੇਵਾ ਨਿਭਾਉਂਦੇ ਰਹੇ।

**ਲਾਈਵ ਦੀ ਸੇਵਾ–** ਕਰਨਪਾਲ ਸਿੰਘ, ਸੂਰਤਪਾਲ ਸਿੰਘ, ਬੰਤਾ ਸਿੰਘ, ਲਵਪ੍ਰੀਤ ਸਿੰਘ, ਗੁਰਸਾਹਿਬ ਸਿੰਘ, ਯੁਵਰਾਜ ਸਿੰਘ, ਗਿਆਨ ਸਿੰਘ, ਯਸ਼ ਆਦਿ ਸਾਥੀ ਨੌਜਵਾਨਾਂ ਨੇ ਸਾਰੇ ਮੇਲੇ ਨੂੰ ਆਪਣੇ ਕੈਮਰੇ ਵਿੱਚ ਸਮੇਟ ਲਿਆ। ਸਤਿਗੁਰੂ ਜੀ ਦੇ ਲਾਈਵ ਦਰਸ਼ਨ ਕਰਾਉਣ ਦੀ ਸੇਵਾ ਦਿਨ ਰਾਤ ਕੀਤੀ।

**ਜੋੜਿਆਂ ਦੀ ਸੇਵਾ–** ਨਿਸ਼ਕਾਮ ਜਥਾ ਦਿੱਲੀ ਵੱਲੋ ਕੀਤੀ ਗਈ।

**ਪਾਰਕਿੰਗ ਦੀ ਸੇਵਾ–** ਸ੍ਰੀ ਭੈਣੀ ਸਾਹਿਬ ਦੇ ਨੌਜੁਵਾਨ ਜਥੇ ਵੱਲੋ ਕੀਤੀ ਗਈ।

**ਬਿਜਲੀ ਦੀ ਸੇਵਾ–** ਸੰਤ ਹਰਭਜਨ ਸਿੰਘ, ਬਲਕਾਰ ਸਿੰਘ, ਸੋਨੂੰ, ਨਿਰਲੇਪ ਸਿੰਘ, ਹਰਪ੍ਰੀਤ ਸਿੰਘ ਆਦਿ ਸਾਥੀਆਂ ਨੇ ਕੀਤੀ।

**ਡੇਰਿਆਂ ਦੀ ਸੇਵਾ–** ਪਿਆਰਾ ਸਿੰਘ, ਸੂਬਾ ਹਰਜੀਤ ਸਿੰਘ ਮੁਠੱਡਾ ਤੇ ਸਾਥੀਆਂ ਨੇ ਕੀਤੀ।

**ਅਖੰਡ ਪਾਠ ਤੇ ਹਵਨ ਵਰਨੀਆਂ ਦੀ ਸੇਵਾ–** ਸੰਤ ਗੁਰਸੇਵਕ ਸਿੰਘ ਦੇ ਜਥੇ ਨੇ ਨਿਭਾਈ।

**ਹੋਰ ਸੇਵਾਦਾਰ–** ਬਹੁਤ ਸਾਰੇ ਸਿੱਖਾਂ ਨੇ ਸਾਰਾ ਮਹੀਨਾ ਭੈਣੀ ਸਾਹਿਬ ਵਿੱਚ ਉਸਾਰੀ ਦੀ ਸੇਵਾ, ਗਾਵਾਂ ਦੀ ਸੇਵਾ, ਝਾੜੂ ਦੀ ਸੇਵਾ ਨਿਭਾਈ। ਆਈ ਹੋਈ ਸਾਧ ਸੰਗਤ ਨੇ ਵੀ ਆਪਣੀ ਯਥਾ ਸ਼ਕਤੀ ਦੇ ਮੁਤਾਬਕ ਮੇਲੇ ਵਿਚ ਸੇਵਾ ਕਰ ਸਤਿਗੁਰੂ ਜੀ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ।

**ਪ੍ਰਧਾਨ ਗੁਰਦੇਵ ਸਿੰਘ ਚੀਮਾ**
**ਸੇਵਾਦਾਰ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ**
**ਸ੍ਰੀ ਭੈਣੀ ਸਾਹਿਬ**

# ਪਿੰਡ ਮਾਈਸਰਖਾਨੇ 'ਤੇ ਬਖ਼ਸ਼ਿਸ਼ਾਂ ਦੀ ਵਰਖਾ

- **ਸਮੂਹਿਕ ਰੂਪ ਵਿੱਚ ਪਹਿਲੀ ਵਾਰ ਹੋਇਆ ਜਪ-ਪ੍ਰਯੋਗ**
- **41 ਸਰੀਰਾਂ ਨੇ ਪਹਿਲੀ ਵਾਰ ਅੰਮ੍ਰਿਤ ਛਕਿਆ ਅਤੇ 54 ਸਰੀਰਾਂ ਨੇ ਭਜਨ ਪੁੱਛਿਆ**
- **ਸਤਿਗੁਰੂ ਉਦੇ ਸਿੰਘ ਜੀ ਦੀ ਬਖਸ਼ਿਸ਼ ਨਾਲ ਚਾਰ ਕਨਾਲਾਂ ਜਗ੍ਹਾ ਦੀ ਹੋਈ ਚਾਰ ਦੀਵਾਰੀ**

ਜਦੋਂ ਸਤਿਗੁਰੂ ਦਿਆਲ ਹੋ ਜਾਵੇ, ਸਤਿਗੁਰੂ ਦੀ ਨਜ਼ਰ ਹੋ ਜਾਵੇ, ਪਾਤਸ਼ਾਹ ਜੀ ਦੀਆਂ ਬਖ਼ਸ਼ਿਸ਼ਾਂ ਹੋ ਜਾਣ ਤਾਂ ਸੁੱਕੇ ਬਾਗ਼ ਹਰੇ ਹੋ ਜਾਂਦੇ ਹਨ। ਰੋਹੀ ਬਗੀਚਿਆਂ ਵਿਚ ਬਦਲ ਜਾਂਦੀ ਹੈ ਘੂਕ ਨੀਂਦ ਵਿੱਚ ਸੁੱਤੀਆਂ ਆਤਮਾਵਾਂ ਅੰਗੜਾਈਆਂ ਲੈਣ ਲੱਗਦੀਆਂ ਹਨ। ਗੁਰਬਾਣੀ ਨਾਲ ਜੁੜਦੀਆਂ ਹਨ, ਸਿਮਰਨ ਕਰਨ ਲੱਗਦੀਆਂ ਹਨ, ਪਰ ਇਹ ਹੁੰਦਾ ਸਤਿਗੁਰੂ ਦੀ ਮੇਹਰ ਨਾਲ ਹੀ ਹੈ। ਕੋਈ ਆਦਮੀ ਆਪਣੀ ਮਰਜ਼ੀ ਨਾਲ ਕੁਝ ਕਰਨਾ ਚਾਹੇ ਉਹ ਇੱਕ ਡੱਕਾ ਵੀ ਵਿੰਗਾ ਨਹੀਂ ਕਰ ਸਕਦਾ। ਇਹ ਕਰਤੇ ਪੁਰਖ ਸਤਿਗੁਰੂ ਦੀਆਂ ਹੀ ਬਖ਼ਸ਼ਿਸ਼ਾਂ ਹਨ ਕਿ ਉਹ ਆਪਣਿਆਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਆਪਣਿਆਂ ਨੂੰ ਆਪਣੇ ਕੰਠ ਲਾ ਲੈਂਦਾ ਹੈ। ਉਸ ਦੀਆਂ ਬਖਸ਼ਿਸ਼ਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਸਤਿਗੁਰੂ ਕੋਲ ਪ੍ਰਭੂ ਭਗਤੀ ਦੇ ਸਮੁੰਦਰਾਂ ਜਿੱਡੇ ਵੱਡੇ ਖ਼ਜ਼ਾਨੇ ਹਨ ਤੇ ਜਦੋਂ ਉਹ ਮਿਹਰਬਾਨ ਹੁੰਦੇ ਹਨ ਤਾਂ ਮਨੁੱਖਾਂ ਅੰਦਰ ਰੱਬੀ ਨੂਰ ਪ੍ਰਗਟ ਹੋ ਜਾਂਦਾ ਹੈ ਮਨੁੱਖ ਦੇਵਤੇ ਬਣ ਜਾਂਦੇ ਹਨ।



ਜਦੋਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਾਈਸਰਖਾਨੇ ਵੱਲ ਨਜ਼ਰ ਮਾਰਦੇ ਹਾਂ ਤਾਂ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੀ ਮੇਹਰ ਕ੍ਰਿਪਾ ਬਖ਼ਸ਼ਿਸ਼ ਦੇ ਅਤੇ ਛਿਣ ਪਲ ਵਿੱਚ ਕੀਤੀ ਇਲਾਹੀ ਨਦਰ ਦੇ ਨਜ਼ਾਰੇ ਪ੍ਰਤੱਖ ਹੋ ਜਾਂਦੇ ਹਨ। ਕੁਝ ਸਮਾਂ ਪਹਿਲਾਂ ਹੀ ਗੁਰਸਿੱਖੀ ਤੋਂ ਵੀਰਾਨ ਪਿਆ ਮਾਈਸਰਖਾਨਾ ਅੱਜ ਸਾਹਿਬ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਨਾਲ ਟਹਿਕਣ ਤੇ ਮਹਿਕਣ ਲੱਗਾ ਹੈ ਤੇ ਇਸ ਵਰ੍ਹੇ ਸੂਬਾ ਬਲਜੀਤ ਸਿੰਘ ਜੀ ਦੀ ਅਗਵਾਈ ਵਿੱਚ ਮਾਈਸਰਖਾਨਾ 6 ਸਤੰਬਰ 2021 ਤੋਂ 2 ਅਕਤੂਬਰ ਤੱਕ ਪਹਿਲੀ ਵਾਰ ਅਤੇ ਵੱਡੀ ਗਿਣਤੀ ਵਿਚ ਸਮੂਹਿਕ ਰੂਪ ਵਿੱਚ ਜਾਂ ਪ੍ਰਯੋਗ ਕਰਕੇ ਨਾਮਧਾਰੀ ਦੁਨੀਆਂ ਦੇ ਨਕਸ਼ੇ ਉੱਤੇ ਆਇਆ ਹੈ।

ਮਾਈਸਰਖਾਨਾ ਜ਼ਿਲ੍ਹੇ ਬਠਿੰਡੇ ਦਾ ਪੁਰਾਤਨ ਇਤਿਹਾਸਕ ਨਗਰ ਹੈ। ਇਸ ਪਿੰਡ ਵਿੱਚ ਮਾਤਾ ਦਾ ਪਵਿੱਤਰ ਪੁਰਾਤਨ ਇਤਿਹਾਸਕ ਮੰਦਰ ਹੈ। ਜੋ ਭਾਰਤ ਤੇ ਵਿਦੇਸ਼ਾਂ ਵਿੱਚ ਵੀ ਮਸ਼ਹੂਰ ਹੈ। ਪਿੰਡ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ ਉੱਥੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਗੁਰਦੁਆਰਾ ਤਿੱਤਰਸਰ ਵੀ ਸੁਸ਼ੋਭਿਤ ਹੈ। ਜਦੋਂ ਭਾਰਤ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ ਤਾਂ ਬਰਤਾਨਵੀ ਹਕੂਮਤ ਦੀਆਂ ਜੜ੍ਹਾਂ ਉਖਾੜਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈਸਵੀ ਨੂੰ ਭੈਣੀ ਸਾਹਿਬ ਵਿਖੇ ਆਜ਼ਾਦੀ ਸੰਘਰਸ਼ ਦਾ ਬਿਗਲ ਵਜਾਇਆ ਅਤੇ ਪਿੰਡਾਂ ਸ਼ਹਿਰਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਸਰਖਾਨੇ ਦੀ ਧਰਤੀ ਨੂੰ ਭਾਗ ਲਾਏ ਅਤੇ ਮਾਈਸਰਖਾਨੇ ਵਿਖੇ ਨਾਮਧਾਰੀ ਗੁਰਦੁਆਰਾ ਸਥਾਪਿਤ ਹੋਇਆ। ਜਿਥੇ ਹਮੇਸ਼ਾਂ ਲੰਗਰ ਚਲਦਾ ਰਹਿੰਦਾ। ਗੁਰਦੁਆਰਾ ਅਨਾਜ ਦੇ ਭੰਡਾਰਾਂ ਨਾਲ ਭਰਪੂਰ ਰਹਿੰਦਾ, ਗੁਰਦੁਆਰਾ ਸਾਹਿਬ ਵਿਚ ਖ਼ਰਾਸ ਵੀ ਲੱਗਿਆ ਹੋਇਆ ਸੀ। ਲੰਮਾ ਸਮਾਂ ਬੀਬੀ ਅੱਤਰੀ ਨੇ ਵੀ ਇਸ ਗੁਰਦੁਆਰੇ ਦੀ ਦੇਖ-ਰੇਖ ਕੀਤੀ ਅਤੇ ਇਲਾਕੇ ਵਿਚ ਗੁਰਸਿੱਖੀ ਦਾ ਪ੍ਰਚਾਰ ਕੀਤਾ। ਇਸ ਇਲਾਕੇ ਵਿਚ ਅਨੇਕਾਂ ਸਿੰਘਾਂ ਨੇ ਕੂਕਾ ਅੰਦੋਲਨ ਵਿੱਚ ਦੇਸ਼ ਆਜ਼ਾਦੀ ਲਈ ਆਪਣੀਆਂ ਜਾਨਾਂ ਨਿਸ਼ਾਵਰ ਕਰ ਦਿੱਤੀਆਂ। ਤੋਪਾਂ ਨਾਲ ਤੂੰਬਾ ਤੂੰਬਾ ਹੋ ਉੱਡ ਗਏ। ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਨੇ ਜਲਾਵਤਨ ਕਰ ਦਿੱਤਾ ਤਾਂ ਇਸ ਪਿੰਡ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਉੱਘੇ ਸੇਵਕ ਮਹਾਨ ਵਿਦਵਾਨ ਗਿਆਨੀ

ਭਾਈ ਮਨੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿਖੇ ਦਰਸ਼ਨ ਕਰਨ ਗਏ ਅਤੇ ਸਤਿਗੁਰੂ ਰਾਮ ਸਿੰਘ ਦਾ ਸੰਗਤ ਦੇ ਨਾਂ ਲਿਖਿਆ ਹੁਕਮਨਾਮਾ ਲੈ ਕੇ ਆਏ। ਭਾਈ ਮਨੀ ਸਿੰਘ ਬੀਬੀ ਅੱਤਰੀ ਦੇ ਚਾਚਾ ਜੀ ਸਨ। ਮਾਈਸਰਖਾਨੇ ਵਿਖੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨ ਪਾਏ। ਪਿੰਡ ਵਿੱਚ ਵੱਡੀ ਗਿਣਤੀ ਵਿੱਚ ਲੋਕ ਨਾਮਧਾਰੀ ਸਨ ਸੱਚੇ ਪਾਤਸ਼ਾਹ ਦੀ ਬਖ਼ਸ਼ਿਸ਼ ਸਦਕਾ ਸਤਿਗੁਰੂ ਦੇ ਪਿਆਰੇ ਸਿੱਖ ਮਰਿਆਦਾ ਦੇ ਧਾਰਨੀ ਅਤੇ ਸੋਧੀ ਸਿੰਘ ਸਨ।

ਮਾਈਸਰਖਾਨੇ ਦੀ ਧਰਤੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਭਾਗ ਲਾਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਮਾਈਸਰਖਾਨੇ ਵਿਖੇ ਦੋ ਜੋੜ ਮੇਲੇ ਹੋਏ। ਦੂਸਰੇ ਮੇਲੇ ਸਮੇਂ ਸਤਿਗੁਰੂ ਜੀ ਘੋੜਿਆਂ ਤੇ ਆਏ ਸਨ ਅਤੇ ਮਾਈਸਰਖਾਨੇ ਵਿਖੇ ਤਿੰਨ ਦਿਨ ਦਾ ਭਾਰੀ ਮੇਲਾ ਹੋਇਆ। ਦੀਵਾਨ ਸੱਜਦੇ ਰਹੇ ਕੀਰਤਨ ਤੇ ਨਾਮ ਸਿਮਰਨ ਹੁੰਦਾ। ਪ੍ਰਾਂਤੀਆਂ ਬ੍ਰਾਹਮਣ ਸਭਾ ਵਾਲੇ ਸਥਾਨ ਤੇ ਸਤਿਗੁਰੂ ਜੀ ਦਾ ਡੇਰਾ ਸੀ। ਸ਼ਾਇਦ ਇੰਜ ਲੱਗਦਾ ਹੈ ਕਿ ਇਸ ਸਮੇਂ ਹੀ ਸ਼ੇਰ ਲੇਖ ਰਾਜ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਜੋ ਸ਼ਰਧਾਲੂ ਸਨ ਉਹ ਸਹਿਜਧਾਰੀ ਸਿੱਖ ਬਣੇ। ਜਿਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਬੁੱਧ ਰਾਮ ਜੀ ਬੀਰ ਚੰਦ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੱਠ-ਅੱਠ ਘੰਟੇ ਰੋਜ਼ਾਨਾ ਨਾਮ ਸਿਮਰਨ ਕਰਨ ਵਾਲੇ ਸ਼ਰਧਾਲੂ ਬਣੇ ਜਿਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਦਾ ਅਫ਼ਰੀਕਾ ਵਿੱਚ ਵੱਡਾ ਕਾਰੋਬਾਰ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ ਦੀਵਾਨ ਸਜੇ ਅਤੇ ਇੱਥੇ ਨਾਮਧਾਰੀ ਮਰਯਾਦਾ ਅਨੁਸਾਰ ਆਨੰਦ ਕਾਰਜ ਵੀ ਹੋਏ।

ਪਿੰਡ ਮਾਈਸਰਖਾਨੇ ਦੇ ਜਥੇ. ਪਾਲਾ ਸਿੰਘ ਨੇ ਵੀ ਗੁਰਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਉਹ ਗੁਰਬਾਣੀ ਦੇ ਗਿਆਤਾ ਵੱਡੇ ਵਿਦਵਾਨ ਪੁਰਸ਼ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਮਾਈਸਰਖਾਨਾ ਵਿਖੇ ਦੋ ਭਾਰੀ ਸਮਾਗਮ ਹੋਏ। 1991-1992 ਹੋਏ ਸਮਾਗਮ ਦਾ ਆਨੰਦ ਮਾਣਨ ਦਾ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ।

ਪਰ ਸਮੇਂ ਦੇ ਬਦਲਾਅ ਨਾਲ ਪੁਰਾਤਨ ਬਜ਼ੁਰਗਾਂ ਦੇ ਤੁਰ ਜਾਣ ਨਾਲ ਅਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਨਾਲ ਨਵੀਂ ਪੀੜ੍ਹੀ ਗੁਰਸਿੱਖੀ ਤੋਂ ਦੂਰ ਜਾਣ ਲੱਗ ਪਈ ਅਤੇ ਉਸ ਤੋਂ ਅਗਲੀ ਪੀੜ੍ਹੀ ਬੇਪਛਾਣ ਹੋ ਗਈ। ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਸਾਨੂੰ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਨੂੰ ਰਾਮਪੁਰਾ ਫੂਲ ਦੇ ਸਾਲਾਨਾ ਸ਼ਹੀਦੀ ਸਮਾਗਮ ਸਮੇਂ ਜਾਂ ਵਿੱਦਿਅਕ ਸੰਮੇਲਨ ਸਮੇਂ ਮਾਈਸਰਖਾਨੇ ਸੱਦਾ ਪੱਤਰ ਦੇਣ ਦਾ ਮੌਕਾ ਮਿਲਦਾ ਰਹਿੰਦਾ। ਅਸੀਂ ਘਰ-ਘਰ ਜਾਂਦੇ ਅਤੇ ਵੇਖਦੇ ਕੇ ਗੁਰਸਿੱਖੀ ਪਰ ਲਾ ਕੇ ਉੱਡ ਗਈ ਹੈ, ਬਜ਼ੁਰਗ ਬੇਵੱਸ ਹੋ ਗਏ ਹਨ ਕਈ ਬਜ਼ੁਰਗ ਤਾਂ ਗਲ ਨੂੰ ਲੱਗ ਕੇ ਮਨ ਭਰ ਆਉਂਦੇ ਅਤੇ ਆਖਦੇ ਜਦੋਂ ਅਸੀਂ ਚਲੇ ਗਏ ਤਾਂ ਗੁਰਸਿੱਖੀ ਸਾਡੇ ਘਰਾਂ ਤੋਂ ਹਮੇਸ਼ਾ ਲਈ ਚਲੀ ਜਾਵੇਗੀ। ਸੰਤ ਹਰਦੇਵ ਸਿੰਘ ਮੌੜ ਸਾਡੇ ਨਾਲ ਗੱਲਬਾਤ ਕਰਦੇ ਘਰਾਂ ਵਿੱਚ ਵੀ ਸਾਡੇ ਨਾਲ ਜਾਂਦੇ ਅਤੇ ਬੱਸ ਭਰ ਕੇ ਵੀ ਰਾਮਪੁਰਾ ਸਮਾਗਮਾਂ ਦੇ ਆਉਂਦੇ ਪਰ ਨੌਜਵਾਨ ਐਵੇਂ ਟਾਵਾਂ ਵਿਰਲਾ। ਇੱਕ ਵਾਰ ਮੈਂ ਅਤੇ ਧਰਮ ਸਿੰਘ ਨੇ ਪਾਤਸ਼ਾਹ ਜੀ ਕੋਲ ਮਾਈਸਰਖਾਨੇ ਤੇ ਬਖ਼ਸ਼ਿਸ਼ਾਂ ਲਈ ਅਰਜ਼ ਕੀਤੀ ਤੇ ਪਾਤਸ਼ਾਹ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਤਸਵੀਰਾਂ ਵੀ ਮਾਈਸਰਖਾਨੇ ਭੇਜਣ ਲਈ ਸਾਨੂੰ ਦੇਣ ਲਈ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਹੁਕਮ ਕੀਤਾ।

ਸਤਿਗੁਰੂ ਹੱਥ ਵਡਿਆਈਆਂ ਹੁੰਦੀਆਂ ਹਨ ਗੁਰੂ ਇੱਕ ਛਿਣ ਵਿੱਚ ਹੀ ਸੁੱਕਿਆਂ ਨੂੰ ਹਰੇ ਕਰ ਸਕਦਾ ਹੈ ਕੋਰੇ ਅਤੇ ਨਾਸਤਕ ਮਨੁੱਖਾਂ 'ਚ ਆਤਮ ਰਸ ਬਖ਼ਸ਼ ਦਿੰਦਾ ਹੈ-

ਸੂਕੇ ਹਰੇ ਕੀਏ ਖਿਨ ਮਾਹੇ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥

ਦੇ ਮਹਾਂਵਾਕ ਅਨੁਸਾਰ ਹਾਜਰਾ ਆ ਹਜ਼ੂਰ ਪਾਤਸ਼ਾਹ ਜੀ ਨੇ ਰਾਮਪੁਰਾ ਫੂਲ ਦੇ ਜਨਵਰੀ 2020 ਦੇ ਸ਼ਹੀਦੀ ਸਮਾਗਮ ਸਮੇਂ ਆਪਣੀਆਂ ਖ਼ੁਸ਼ੀਆਂ ਦੀ ਵਰਖਾ ਕਰਦੇ ਹੋਏ ਮਾਈਸਰਖਾਨਾ ਵਿਖੇ ਜੋੜ ਮੇਲਾ ਕਰਨ ਲਈ ਬਖਸ਼ਿਸ਼ ਕਰ ਦਿੱਤੀ। ਹੋਇਆ ਇੰਜ ਕਿ ਸੂਬਾ ਬਲਜੀਤ



ਸਿੰਘ ਮਾਨਸਾ ਲਈ ਮੇਲੇ ਦੀ ਮੰਗ ਕਰ ਰਹੇ ਸਨ ਅਤੇ ਸੰਤ ਹਰਜਿੰਦਰ ਸਿੰਘ ਬਠਿੰਡਾ ਵਿਖੇ ਮੇਲਾ ਮੰਗ ਰਹੇ ਸਨ ਤਾਂ ਹਾਜ਼ਰਾ ਹਜ਼ੂਰ ਪਾਤਸ਼ਾਹ ਜੀ ਨੇ ਆਦੇਸ਼ ਦਿੱਤਾ ਕਿ ਮੇਲਾ ਬਠਿੰਡਾ ਅਤੇ ਮਾਨਸਾ ਦੀ ਥਾਂ ਰਲ ਕੇ ਕਿਤੇ ਹੋਰ ਕਰ ਲਵੋ ਤੇ ਪਾਤਸ਼ਾਹ ਜੀ ਦੀਆਂ ਬਖ਼ਸ਼ਿਸ਼ਾਂ ਨਾਲ ਇਹ ਮੇਲਾ ਮਾਈਸਰਖਾਨਾ ਵਿਖੇ ਹੋਇਆ। 19 ਮਾਰਚ 2020 ਨੂੰ ਸੂਬਾ ਬਲਜੀਤ ਸਿੰਘ ਜੀ ਦੀ ਅਗਵਾਈ ਵਿੱਚ ਸੰਤ ਹਰਜਿੰਦਰ ਸਿੰਘ ਬਠਿੰਡਾ ਦੀ ਦੇਖ-ਰੇਖ ਹੇਠ ਸੰਤ ਗੁਰਦੇਵ ਸਿੰਘ ਮੌੜ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਪ੍ਰਾਂਤੀਆਂ ਬ੍ਰਾਹਮਣ ਸਭਾ ਦੇ ਵਿਹੜੇ ਵਿੱਚ ਭਾਰੀ ਜੋੜ ਮੇਲਾ ਹੋਇਆ। ਸਤਿਗੁਰੂ ਜੀ ਨੇ ਸਮਾਗਮ ਦੌਰਾਨ ਸੰਗਤ ਨੂੰ ਖੁਸ਼ੀਆਂ ਬਖ਼ਸ਼ੀਆਂ ਅਤੇ ਆਪਣੇ ਸੇਵਕਾਂ ਦੇ ਘਰਾਂ ਵਿੱਚ ਚਰਨ ਪਾ ਕੇ ਮਾਈਸਰਖਾਨਾ ਨਿਵਾਸੀਆਂ ਦੀਆਂ ਚਿਰੋਕਣੀਆਂ ਮੁਰਾਦਾਂ ਪੂਰੀਆਂ ਕੀਤੀਆਂ। 2020 ਦੇ ਜਪੁ ਪ੍ਰਯੋਗ ਦੌਰਾਨ ਸੰਗਤ ਨੇ ਰਾਮਪੁਰਾ ਫੂਲ ਦੇ ਜਪੁ ਪ੍ਰਯੋਗ ਗਰੁੱਪ ਵਿੱਚ ਸ਼ਮੂਲੀਅਤ ਕੀਤੀ। ਜਿਸ ਦੀ ਅਗਵਾਈ ਸਰਪੰਚ ਗੁਰਾਂਦਿੱਤਾ ਸਿੰਘ ਨੂੰ ਅਤੇ ਜਸਵੰਤ ਸਿੰਘ ਮਾਈਸਰਖ਼ਾਨੇ ਨੇ ਕੀਤੀ।

ਹਾਜ਼ਰਾ ਹਜ਼ੂਰ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਨਾਲ ਮਾਈਸਰਖਾਨੇ ਨਦਰੀ ਨਦਰਿ ਨਿਹਾਲ ਹੋ ਗਿਆ। ਪਿੰਡ ਨਿਵਾਸੀਆਂ ਵੱਲੋਂ ਪਿੰਡ ਵਿੱਚ ਪੁਰਾਤਨ ਵੀਰਾਨ ਪਏ ਜਗ੍ਹਾ ਜਿੱਥੇ ਪਹਿਲਾਂ ਨਾਮਧਾਰੀ ਗੁਰਦੁਆਰਾ ਹੋਇਆ ਕਰਦਾ ਸੀ, ਬਾਰੇ ਕਈ ਵਾਰ ਅਰਜ਼ ਕੀਤੀ ਸੀ। ਰਾਮਪੁਰਾ ਫੂਲ ਸ਼ਹੀਦੀ ਸਮਾਗਮ ਸਮੇਂ ਵੀ ਮਾਈਸਰਖਾਨੇ ਦੀ ਸੰਗਤ ਨੇ ਅਰਜ਼ ਕੀਤੀ ਸੀ ਸੂਬਾ ਬਲਜੀਤ ਸਿੰਘ ਨੇ ਵੀ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਚਰਚਾ ਕੀਤੀ ਕਿ ਉਸ ਜਗ੍ਹਾ ਤੇ ਰੂੜੀਆਂ ਲੱਗੀਆਂ ਹੋਈਆਂ ਹਨ, ਘਾਹ ਫੂਸ ਉੱਗਿਆ ਹੋਇਆ ਹੈ। ਪਾਤਸ਼ਾਹ ਜੀ ਨੇ ਬਖਸ਼ਿਸ਼ ਕੀਤੀ ਅਤੇ ਇਸ ਅਸਥਾਨ ਤੇ ਭਰਤ ਪੁਆ ਕੇ ਚਾਰਦੀਵਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਅਤੇ ਇਸ ਅਸਥਾਨ ਦਾ ਨਾਂ ਵੀ ਪਾਤਸ਼ਾਹ ਜੀ ਨੇ ਸਤਿਗੁਰੂ ਰਾਮ ਸਿੰਘ ਧਰਮਸ਼ਾਲਾ ਮਾਈਸਰਖਾਨਾ ਰੱਖਣ ਦਾ ਆਦੇਸ਼ ਦੇ ਦਿੱਤਾ। ਜਿਸ ਨਾਲ ਪਿੰਡ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਤਿਗੁਰੂ ਰਾਮ ਸਿੰਘ ਧਰਮਸ਼ਾਲਾ ਦਾ ਨੀਂਹ ਪੱਥਰ 19 ਜੁਲਾਈ 2021 ਨੂੰ ਸੂਬਾ ਬਲਜੀਤ ਸਿੰਘ ਵੱਲੋਂ ਰੱਖਿਆ ਗਿਆ ਕੰਮ ਚਲਦੇ ਸਮੇਂ 4 ਅਗਸਤ 2021 ਨੂੰ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਸਥਾਨ ਨੂੰ ਆਪਣੇ ਚਰਨ ਕਮਲਾਂ ਨਾਲ ਪਾਵਨ ਪਵਿੱਤਰ ਕਰ ਦਿੱਤਾ ਅਤੇ ਚਾਰਦੀਵਾਰੀ ਅੱਠ ਫੁੱਟ ਤੱਕ ਕਰਨ ਲਈ ਬਚਨ ਕੀਤਾ ਹੁਣ ਤਕ ਇਸ ਸਥਾਨ ਤੇ 55000 ਇੱਟ ਲੱਗ ਚੁੱਕੀ ਹੈ। ਪਾਤਸ਼ਾਹ ਜੀ ਨੇ ਬਖਸ਼ਿਸ਼ਾਂ ਕੀਤੀਆਂ ਅਤੇ ਇਸ ਸਥਾਨ ਦੇ ਖ਼ਰਚੇ ਦੇ ਬਿੱਲ ਭੈਣੀ ਸਾਹਿਬ ਤੋਂ ਕਲੀਅਰ ਕਰਵਾਉਣ ਦੇ ਆਦੇਸ਼ ਵੀ ਦਿੱਤੇ। ਜਿਸ ਸਥਾਨ ਤੇ ਸਤਿਗੁਰਾਂ ਦੀ ਨਜ਼ਰ ਹੋ ਜਾਂਦੀ ਹੈ। ਉਹ ਥਾਂ ਸੁਹਾਵਣਾ ਹੋ ਜਾਂਦਾ ਹੈ। ਇਤਿਹਾਸਕ ਬਣ ਜਾਂਦਾ ਹੈ ਸੁਹਣਾ ਬਣ ਜਾਂਦਾ ਹੈ, ਪਵਿੱਤਰ ਹੋ ਜਾਂਦਾ ਹੈ।

ਇਸ ਵਾਰ 2021 ਦਾ ਜਪੁ ਪ੍ਰਯੋਗ ਸੂਬਾ ਬਲਜੀਤ ਸਿੰਘ ਦੀ ਅਗਵਾਈ ਵਿੱਚ ਮਾਈਸਰਖਾਨਾ ਵਿਖੇ ਪਹਿਲੀ ਵਾਰ ਸਮੂਹਿਕ ਰੂਪ ਵਿੱਚ ਹੋਇਆ। ਜਿਸ ਵਿੱਚ ਮਾਨਸਾ ਲੱਲੂਆਣਾ, ਗੁਰਥੜੀ ਅਤੇ ਮਾਈਸਰਖਾਨੇ ਦੀ ਸੰਗਤ ਦੀ ਸ਼ਮੂਲੀਅਤ ਹੁੰਦੀ, ਵਾਰ-ਵਾਰ ਵੱਖੋ ਵੱਖਰੇ ਘਰਾਂ ਵਿੱਚ ਜਪੁ ਪ੍ਰਯੋਗ ਹੋਇਆ। ਸੰਤ ਰਾਜਿੰਦਰ ਸਿੰਘ ਜੀ ਸੋਧ ਦਾ ਕੜਾਹ ਪ੍ਰਸ਼ਾਦ ਕਰਦੇ ਸੰਤ ਜਗੀਰ ਸਿੰਘ ਲੱਲੂਆਣਾ ਦਾ ਸਮੁੱਚਾ ਪਰਿਵਾਰ ਵੀ ਵੱਧ ਚੜ ਕੇ ਸੇਵਾ ਕਰਦਾ ਰਿਹਾ ਨਿੱਕੇ ਨਿੱਕੇ ਅਤੇ ਨੌਜਵਾਨ ਬੱਚਿਆਂ ਨੂੰ ਅੱਗੇ ਬਿਠਾਇਆ ਜਾਂਦਾ। ਬੱਚਿਆਂ ਨੂੰ ਨਾਮ ਸਿਮਰਨ ਕਰਨ ਦੀ ਜਾਚ ਦੱਸੀ ਜਾਂਦੀ। ਸੂਬਾ ਜੀ ਵੀ ਵਲੋਂ ਸਮੁੱਚੀ ਸੰਗਤ ਨੂੰ ਮਾਲਾ ਅਤੇ ਆਸਣ ਵੀ ਵੰਡੇ ਗਏ ਅਤੇ ਛੋਟੇ ਬੱਚਿਆਂ ਨੂੰ ਥਰਮੋਸ ਬੋਤਲਾਂ। ਸੰਗਤ ਵਿੱਚ ਹਰ ਰੋਜ਼ ਫਲ ਪ੍ਰਸ਼ਾਦ ਵੀ ਵਰਤਾਇਆ ਜਾਂਦਾ ਜਾਂ ਪ੍ਰਯੋਗ ਦੀ ਸ਼ੁਰੂਆਤ 6 ਸਤੰਬਰ ਨੂੰ ਹੋਈ। ਸੰਤ ਅਮਰੀਕ ਸਿੰਘ ਭੈਣੀ ਸਾਹਿਬ ਵਾਲਿਆਂ ਨੇ ਵੀ ਦੋ ਦਿਨ ਕਥਾ ਕੀਤੀ। ਜਪ ਪ੍ਰਯੋਗ ਦੀ ਸੰਪੂਰਨਤਾ ਦੌਰਾਨ ਦੋ ਦਿਨ ਦਾ ਮੇਲਾ ਕੀਤਾ ਗਿਆ ਜਿਸ ਵਿੱਚ ਜਥੇ. ਗੁਰਲਾਲ ਸਿੰਘ ਜੀ ਨੇ ਦੀਵਾਨ ਲਗਾ ਕੇ ਸੰਗਤ ਨੂੰ ਵੈਰਾਗੀ ਕਰ ਦਿੱਤਾ। 3 ਅਕਤੂਬਰ ਨੂੰ ਮੇਲੇ ਦੀ ਸਮਾਪਤੀ ਹੋਈ ਜਿਸ ਵਿੱਚ ਸੰਤ ਭੋਲਾ ਸਿੰਘ ਦੀਆਂ ਬੱਚੀਆਂ ਵੱਲੋਂ ਆਸਾ ਦੀ ਵਾਰ ਗਾਇਨ ਕੀਤੀ ਗਈ। ਦੀਵਾਨ ਸਜੇ ਪਿੰਡ ਦੀ ਖੁੱਲ੍ਹੀ ਸੰਗਤ ਨੇ ਵੀ ਸ਼ਮੂਲੀਅਤ ਕੀਤੀ। 54 ਸਰੀਰਾਂ ਨੇ ਭਜਨ ਪੁੱਛਿਆ। 41 ਸਰੀਰਾਂ ਨੇ ਅੰਮ੍ਰਿਤ ਛਕਿਆ ਲੰਗਰ ਗੁਰੂ ਦਾ ਅਤੁੱਟ ਵਰਤਿਆ ਸੰਗਤ ਨੇ ਬਹੁਤ ਉਤਸ਼ਾਹ ਨਾਲ ਸੇਵਾ ਕੀਤੀ। ਪਾਤਸ਼ਾਹ ਜੀ ਦੀਆਂ ਬਖਸ਼ਿਸ਼ਾਂ ਨਾਲ ਮਾਈਸਰਖਾਨਾ ਵਿੱਚ ਮੁੜ ਗੁਰਸਿੱਖੀ ਦੀ ਫੁਟਾਂਦ ਸ਼ੁਰੂ ਹੋ ਗਈ। ਸੁੱਕੇ ਬਾਗ਼ ਹਰੇ ਹੋ ਗਏ। ਗੁਰਸਿੱਖੀ ਦੇ ਵਿਯੋਗ ਨਾਲ ਗਲੀਂ ਲੱਗ ਕੇ ਵੈਰਾਗੀ ਹੋਣ ਵਾਲੇ ਬਜ਼ੁਰਗਾਂ ਦੇ ਚਿਹਰਿਆਂ ਤੇ ਖੁਸ਼ੀਆਂ ਤੇ ਚਾਅ ਠਾਠਾਂ ਮਾਰਦੇ ਹਨ। ਇਹ ਸਭ ਸਤਿਗੁਰੂ ਪਾਤਸ਼ਾਹ ਜੀ ਦੀਆਂ ਬਖ਼ਸ਼ਿਸ਼ ਹੈ।

**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**

# ਸੰਤ ਜਸਪਾਲ ਸਿੰਘ ਚਲਾਣਾ ਕਰ ਗਏ

**3 ਅਕਤੂਬਰ 2021–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸ਼ਰਧਾਵਾਨ ਗੁਰਸਿੱਖ ਸੰਤ ਜਸਪਾਲ ਸਿੰਘ ਜੀ ਸਪੁੱਤਰ ਸ. ਅਮਰ ਸਿੰਘ ਨੰਢਾ ਯਮੁਨਾ ਨਗਰ ਵਾਲੇ ਅਕਾਲ ਪੁਰਖ ਵਲੋਂ ਮਿਲੀ ਸਵਾਸਾਂ ਦੀ ਪੂੰਜੀ ਨੂੰ ਭੋਗ ਕੇ 29 ਸਿਤੰਬਰ 2021 ਦਿਨ ਬੁਧਵਾਰ ਨੂੰ ਸਵੇਰੇ 8.30 ਵੱਜੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਿੱਚ ਕੁਝ ਦਿਨ ਬਿਮਾਰੀ ਨਾਲ ਘੋਲ ਕਰਦਿਆਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।



ਮਾਤਾ ਜਸਵੰਤ ਕੌਰ ਜੀ ਦੀ ਕੁੱਖੋਂ ਸੰਨ 1963 ਵਿੱਚ ਜਨਮੇ ਜਸਪਾਲ ਸਿੰਘ ਜੀ- ਸ੍ਰੀ ਸਤਿਗੁਰੂ ਜੀ ਦਾ ਇਕ ਇਹੋ ਜਿਹਾ ਪਿਆਰਾ ਗੁਰਸਿੱਖ ਸੀ, ਜਿਸਨੂੰ ਵੇਖ ਕੇ ਇੰਝ ਮਹਿਸੂਸ ਹੁੰਦਾ ਸੀ ਕਿ ਉਸਦੇ ਸਾਹਾਂ ਵਿੱਚ ਸਤਿਗੁਰੂ ਵਿਚਰਦਾ ਹੈ।। ਉਸਦੇ ਸਿਰ ਉੱਪਰ " ਸਮਰਥ ਗੁਰੂ ਸਿਰਿ ਹਥੁ ਧਰਿਅਉ "ਦੇ ਮੁੱਖਵਾਕ ਅਨੁਸਾਰ ਸ੍ਰੀ ਸਤਿਗੁਰੂ ਜੀ ਦੀਆਂ ਮਿਹਰਾਂ ਦਾ ਮੀਂਹ ਵਰਸਦਾ ਹੈ। ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਤੇ ਦ੍ਰਿੜ ਵਿਸ਼ਵਾਸ ਅਤੇ ਸਿਦਕ ਭਰੋਸਾ ਰੱਖਣਾ ਵਾਲਾ ਬਹੁਤ ਹੀ ਪਿਆਰਾ ਗੁਰਸਿੱਖ ਸੀ। ਅਪਣੇ ਪਿਆਰੇ ਸਤਿਗੁਰੂ ਜੀ ਦੀ ਬਖਸ਼ੀ ਮਰਿਆਦਾ ਨਾਲ ਲਗਾਵ ਸੀ। ਸਤਿਗੁਰੂ ਜੀ ਵਲੋਂ ਖਿੱਚੀ ਹੋਈ ਲਛਮਨ ਰੇਖਾ ਰੂਪੀ ਮਰਿਆਦਾ ਦੀ ਕਦੀ ਵੀ ਉਲੰਘਣਾ ਨਹੀਂ ਸੀ ਕੀਤੀ। ਮਰਿਆਦਾ ਦਾ ਪੂਰਾ ਧਿਆਨ ਰੱਖਣਾ ਹੀ ਉਨ੍ਹਾਂ ਦਾ ਪਹਿਲਾ ਫ਼ਰਜ ਸੀ। ਬਾਜਾਰੀ ਖਾਣੇ ਤੋਂ ਕੋਸਾਂ ਦੂਰ ਰਹਿੰਦੇ ਸਨ। ਹਰ ਇਕ ਨੂੰ ਖਿੜੇ ਮੱਥੇ ਮਿਲਦੇ ਸਨ। ਕਿਸੇ ਨੂੰ ਮੰਦਾ ਫਿੱਕਾ ਨਹੀਂ ਸੀ ਬੋਲਦੇ। ਨਾ ਕਿਸੇ ਨਾਲ ਲੜਾਈ, ਨਾ ਝਗੜਾ, ਨਾ ਵੈਰ- ਵਿਰੋਧ ਵਾਲਾ ਵਤੀਰਾ। ਮਿਲਾਪੜੇ ਪਣ ਵਾਲਾ ਸੁਭਾਅ। ਜੇ ਕਿਸੇ ਨੇ ਕੋਈ ਅਣਸੁਖਾਵਾਂ ਸ਼ਬਦ ਵੀ ਕਹਿ ਦਿੱਤਾ ਤਾਂ ਉਸਨੂੰ ਮੁਸਕਰਾ ਕੇ ਅਣਗੋਲਿਆਂ ਕਰ ਦੇਣਾ। ਬਹੁਤ ਹੀ ਧੀਰਜਵਾਨ ਸਨ ਜਸਪਾਲ ਸਿੰਘ ਜੀ।

ਕੋਰੋਨਾ ਮਹਾਂਮਾਰੀ ਦੁਰਾਨ ਹਮਸਾਥੀਆਂ ਨਾਲ ਮਿਲਕੇ ਬਹੁਤ ਹੀ ਸਰਗਰਮੀ ਨਾਲ ਲੋੜਵੰਦਾਂ ਦੀ ਤਨ, ਮਨ, ਧਨ ਨਾਲ ਸੇਵਾ ਕਰਦੇ ਰਹੇ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇਤਨੀ ਲਾਲਸਾ, ਖਿੱਚ ਸੀ ਕਿ ਸੂਬਾ ਬਲਦੇਵ ਸਿੰਘ ਜੀ, ਗੁਰਮੀਤ ਸਿੰਘ ਜੀ ਅਤੇ ਸੰਗੀ ਸਾਥੀਆਂ ਨਾਲ ਹਫਤੇ – ਦੋ ਹਫ਼ਤਿਆਂ ਬਾਅਦ ਸ੍ਰੀ ਭੈਣੀ ਸਾਹਿਬ ਜਾਂ ਜਿਥੇ ਵੀ ਸਤਿਗੁਰੂ ਜੀ ਬਖ਼ਸ਼ਿਸ ਕਰ ਰਹੇ ਹੁੰਦੇ – ਜਾ ਦਰਸ਼ਨ ਕਰਦੇ।

ਉਹ ਤਹਿ ਦਿਲੋਂ ਸ੍ਰੀ ਸਤਿਗੁਰੂ ਜੀ ਨੂੰ ਸਮਰਪਿਤ ਸਨ ਕਿ ਜੇ ਲੱਖਾਂ ਰੁਪਇਆਂ ਦੀ ਆਮਦਨ ਹੁੰਦੀ ਤਾਂ ਉਸ ਵਿੱਚੋਂ ਇਕ-ਇਕ ਰੁਪਈਆ ਦਸਵੰਧ ਦੇ ਤੌਰ ਤੇ ਸ੍ਰੀ ਭੈਣੀ ਸਾਹਿਬ ਆ ਜਮਾਂ ਕਰਵਾਉਂਦੇ ਸਨ। ਇਕ ਪਲਾਟ ਵਿੱਚੋਂ ਸੰਤਾਂ ਨੂੰ 37 ਲੱਖ ਦੀ ਆਮਦਨ ਹੋਈ ਤਾਂ ਉਸ ਵਿੱਚੋਂ 3 ਲੱਖ 70000 ਹੱਜਾਰ ਰੁਪਈਆ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਮੱਥਾ ਟੇਕਿਆ। ਸਤਿਗੁਰੂ ਜੀ ਦੇ ਹੁਕਮਾਂ ਨੂੰ ਸਾਹਮਣੇ ਰੱਖ ਕੇ ਪੂਰੀ ਇਮਾਨਦਾਰੀ ਨਾਲ ਦਸਵੰਧ ਕੱਢਕੇ ਸਤਿਗੁਰੂ ਜੀ ਦੀਆਂ

ਖੁਸ਼ੀਆਂ ਪ੍ਰਾਪਤ ਕਰਦੇ ਰਹੇ।

ਸੰਤ ਜਸਪਾਲ ਸਿੰਘ ਜੀ ਦਾ ਅਨੰਦ ਕਾਰਜ ਹੰਸਪਾਲ ਜੀ ਦੇ ਖਾਨਦਾਨ ਵਿੱਚ ਬੀਬੀ ਨਵਨੀਤ ਕੌਰ ਨਾਲ ਹੋਈ। ਇਕ ਬੇਟਾ ਅਤੇ ਇਕ ਬੇਟੀ ਦੀ ਦਾਤ ਪ੍ਰਾਪਤ ਹੋਇਆ। ਬੇਟੀ ਲੁਧਿਆਣੇ ਵਿਖੇ ਡਾ. ਆਲਾ ਸਿੰਘ ਜੀ ਨਾਲ ਵਿਆਹੀ ਹੋਈ ਹੈ। ਜੋਕਿ ਲੁਧਿਆਣੇ ਵਿਖੇ ਐਗਰੀਕਲਚਰ ਯੂਨੀ. ਵਿੱਚ ਸਰਵਿਸ ਕਰ ਰਹੇ ਹਨ। ਬਹੁਤ ਹੀ ਵਿਦਵਾਨ ਨੌਜੁਵਾਨ ਗੁਰਸਿੱਖ ਹਨ।

ਸੰਤ ਜਸਪਾਲ ਸਿੰਘ ਜੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ - ਸ੍ਰੀ ਭੈਣੀ ਸਾਹਿਬ ਵਿਖੇ 3 ਅਕਤੂਬਰ 2021 ਨੂੰ ਪਾਇਆ ਗਿਆ। ਦੂਰੋਂ ਨੇੜਿਓਂ ਆਈ ਸਾਧ ਸੰਗਤ ਦਾ ਧੰਨਵਾਦ ਸੰਤ ਨਿਸ਼ਾਨ ਸਿੰਘ ਜੀ ਨੇ ਕੀਤਾ। ਗੁਰੂ ਕਾ ਲੰਗਰ ਵਰਤਾਇਆ ਗਿਆ।

**ਸਵਿੰਦਰ ਸਿੰਘ ਨਾਮਧਾਰੀ**

## ਨੌਜਵਾਨ ਅਮਰਜੀਤ ਸਿੰਘ ਸਦੀਵੀ ਵਿਛੋੜਾ ਦੇ ਗਿਆ



Late S. AMARJEET SINGH
10-10-1998 to 21-10-2021

**21-10-2021**- ਅਮਰਜੀਤ ਸਿੰਘ ਅਚਾਨਕ ਵਾਪਰੇ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਉਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਐਮਰਜੈਂਸੀ ਵਾਰਡ ਵਿੱਚ ਰੱਖਿਆ ਗਿਆ। ਦਿਨੋਂ ਦਿਨ ਸਰੀਰਕ ਹਾਲਤ ਵਿਗੜਦੀ ਗਈ।

ਆਖ਼ਰ 21-10-2021 ਨੂੰ ਪਰਿਵਾਰ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਸਦੀਵੀਂ ਵਿਛੋੜਾ ਦੇ ਗਿਆ ਜਵਾਨ ਪੁੱਤ ਦਾ ਭਰ ਜਵਾਨੀ ਵਿੱਚ ਸੰਸਾਰ ਤੋਂ ਚਲੇ ਜਾਣਾ ਅਸਹਿ ਹੈ। ਅਮਰਜੀਤ ਸਿੰਘ ਦੀ ਉਮਰ ਤੇਈ ਸਾਲ ਸੀ। ਉਹ ਵਿਦੇਸ਼ ਗਿਆ ਹੋਇਆ ਸੀ ਕੁਝ ਸਮਾਂ ਪਹਿਲਾਂ ਹੀ ਵਾਪਸ ਆਇਆ ਸੀ। ਉਸ ਦੇ ਪਿਤਾ ਸ. ਬਲਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਵਿੱਚ ਸੇਵਾ ਕਰਦੇ ਹਨ।

24 ਅਕਤੂਬਰ 2021 ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅਮਰਜੀਤ ਸਿੰਘ ਨਮਿੱਤ ਪਾਠ ਦਾ ਭੋਗ ਪਾਇਆ ਗਿਆ।

## ਬੀਬੀ ਹਰਜਿੰਦਰ ਕੌਰ ਜੀ ਅਕਾਲ ਚਲਾਣਾ ਕਰ ਗਏ



ਬੀਬੀ ਹਰਜਿੰਦਰ ਕੌਰ ਪਤਨੀ ਸ. ਗੁਰਮੇਲ ਸਿੰਘ ਨਹੀਂ ਰਹੇ। ਪਿਛਲੇ ਮਹੀਨੇ ਉਨ੍ਹਾਂ ਦੀ ਸਿਹਤ ਨਾ ਠੀਕ ਹੋਣ ਕਾਰਨ ਹਸਪਤਾਲ ਦਾਖਲ ਸਨ। ਬੀਬੀ ਹਰਜਿੰਦਰ ਕੌਰ ਸੰਤ ਨਿਸ਼ਾਨ ਸਿੰਘ ਕਥਾ ਵਾਚਕ ਦੇ ਵੱਡੇ ਭੈਣ ਜੀ ਸਨ। ਬੀਬੀ ਹਰਜਿੰਦਰ ਕੌਰ ਖੁਸ਼ਨੁਮਾ, ਸੇਵਾ ਭਾਵਨਾ ਸੁਭਾ ਵਾਲੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਥਾਹ ਸ਼ਰਧਾ ਰੱਖਣ ਵਾਲੇ ਸਨ। ਬੀਬੀ ਹਰਜਿੰਦਰ ਕੌਰ ਜੀ ਦੇ ਦੋ ਲੜਕੇ ਅਤੇ ਇਕ ਲੜਕੀ ਹੈ। **20-10-2021** ਨੂੰ ਆਪਣੇ ਸਵਾਸ ਪੂਰੇ ਕਰ ਗਏ। 24-10-2021 ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਉਨ੍ਹਾਂ ਦਾ ਭੋਗ ਪਾਇਆ ਗਿਆ।

**ਗੁਰਦੇਵ ਸਿੰਘ ਚੀਮਾ**



ਅੱਸੂ ਦੇ ਮੇਲੇ ਦੀ ਸੇਵਾ ਕਰਨ ਵਾਲੇ
ਸ੍ਰੀ ਮੰਗਤ ਰਾਮ ਮੋਦੀ ਦਾ ਪਰਿਵਾਰ ਸਤਿਗੁਰੂ ਜੀ ਨੂੰ ਨਮਸਕਾਰ ਕਰਦਾ ਹੋਇਆ



ਖਿਡਾਰੀਆਂ ਨਾਲ ਯਾਦਗਾਰੀ ਤਸਵੀਰ

Date of Publication: 6 November 2021
Date of Posting: 8 November 2021

RNI NO.55658/93
LDM/008/2021-2023

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 101ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

ਮਿਤੀ: **20, 21** ਅਤੇ **22** ਨਵੰਬਰ **2021**,

ਸਮਾਂ: ਰੋਜ਼ਾਨਾ ਸ਼ਾਮ 5 ਵਜੇ ਤੋਂ,

ਸਥਾਨ: ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ।

** ਸੰਗੀਤ ਪ੍ਰੇਮੀਆਂ ਨੂੰ ਨਿੱਘਾ ਸੱਦਾ **

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.